ੴ ਸਤਿਗੁਰ ਪ੍ਰਸਾਦਿ ॥

ਬਾਬੇ ਕੀਤੀ ਸਿਧ ਗੋਸਟਿ ਸ਼ਬਦ ਸਾਂਤ ਸਿਧਾਂ ਵਿਚਿ ਆਈ

ਸਿਧ ਗੋਸ਼ਟਿ ਦਾ ਸਾਰ

ਲੇਖਕ

ਨਰੈਣ ਸਿੰਘ 26 ਸ਼ਿਵਾਲਾ ਰੋਡ,

ਅੰਮ੍ਰਿਤਸਰ ।

ਗੁਰੂ ਨਾਨਕ ਮਿਸ਼ਨ ਪਟਿਆਲਾ

ਭੇਟਾਂ 60 ਪੈਸੇ

ਸਿਧ ਗੋਸ਼ਟਿ ਦਾ ਸਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ਸਿਧ ਗੋਸ਼ਟਿ' ਦੇ ਨਾਮ ਹੇਠ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਟੀਕੇ ਸਹਿਤ ਸ੍ਰ: ਨਰੈਣ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਕੀਤੀ ਹੈ ਜੋ ਬੜੀ ਹੀ ਅਮੋਲ ਹੈ। ਇਸ ਦਾ ਪਹਿਲਾ ਭਾਗ 'ਸਿਧ ਗੋਸ਼ਟਿ ਦਾ ਪਿਛੋਕੜ' ਨਾਮ ਹੇਠ ਅਸੀਂ ਗੁਰੂ ਨਾਨਕ ਮਿਸ਼ਨ ਦੇ ਟ੍ਰੈਕਟ ਨੰ: 132 ਵਿਚ ਪ੍ਰਕਾਸ਼ਤ ਕਰ ਚੁਕੇ ਹਾਂ। ਇਹ ਉਸ ਵਿਆਖਿਆ ਦਾ ਦੂਜਾ ਭਾਗ ਹੈ। ਇਸ ਦਾ ਟੀਕੇ ਵਾਲਾ ਹਿਸਾ ਫਿਰ ਪ੍ਰਕਾਸ਼ਤ ਕੀਤਾ ਜਾਵੇਗਾ। ਇਹ ਸਾਰੇ ਹਿਸੇ ਜੋੜ ਕੇ ਪਾਠਕ ਗੁਰਮਤਿ ਦੀ ਇਕ ਅਮੋਲਕ ਪੁਸਤਕ ਪ੍ਰਾਪਤ ਕਰ ਸਕਣਗੇ ਜੋ ਗੁਰਬਾਣੀ ਵਿਆਖਿਆ ਦਾ ਇਕ ਸੁਚਜਾ ਨਮੂਨਾ ਸਿਧ ਹੋਵੇਗਾ।

ਸਕੱਤਰ

ਵਿਸ਼ੇਸ਼ ਸੂਚਨਾ :

ਗੁਰੂ ਨਾਨਕ ਮਿਸ਼ਨ 28 ਜੁਲਾਈ 1977 ਨੂੰ ਆਪਣੀ ਆਯੂ ਦੇ ਪੰਦਰ੍ਹਵੇਂ ਸਾਲ ਵਿਚ ਕਦਮ ਰਖ ਰਿਹਾ ਹੋਵੇਗਾ। ਮਿਸ਼ਨ ਨੇ ਇਸ ਸੰਬੰਧ ਵਿਚ ਇਕ ਵਿਸ਼ੇਸ਼ ਸਮਾਗਮ 4 ਸਤੰਬਰ 1977 ਐਤਵਾਰ ਨੂੰ ਸਵੇਰੇ ਦਸ ਵਜੇ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚ ਕਰਨ ਦਾ ਵਿਚਾਰ ਬਣਾਇਆ ਹੈ। ਇਸ ਸਮੇਂ ਗੁਰੂ ਨਾਨਕ ਮਿਸ਼ਨ ਦੀ ਬੀਤੇ ਚੌਦਾਂ ਸਾਲਾਂ ਦੇ ਕੰਮ ਦੀ ਰੀਪੋਰਟ ਸੰਗਤਾਂ ਦੀ ਭੇਟ ਕਰਨ ਤੋਂ ਇਲਾਵਾ ਹੇਠਾਂ ਦਰਜ ਵਿਸ਼ਿਆਂ ਤੇ ਲੇਖ ਪੜ੍ਹੇ ਜਾਣਗੇ :

(੧) ਪੰਚ ਪਰਧਾਨੀ ਖਾਲਸਾ
(੨) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੌਰਵਤਾ
(੩) ਸਿਖੀ ਦੀ ਵਿਲੱਖਣਤਾ

ਸਮਾਗਮ ਨੂੰ ਉਤਸ਼ਾਹ ਪੂਰਬਕ ਮਨਾਏ ਜਾਣ ਹਿਤ ਗੁਰੂ ਨਾਨਕ ਮਿਸ਼ਨ ਆਪਣੇ ਪਾਠਕਾਂ ਅਤੇ ਹੋਰ ਸਜਣਾਂ ਨੂੰ ਜੀ ਆਏ ਆਖਦਾ ਹੈ।

ਸਕੱਤਰ

'ਸਿਧ ਗੋਸ਼ਟਿ ਦਾ ਸਾਰ'

ਅਸੀਂ ਪਿਛੇ ਵੇਖ ਆਏ ਹਾਂ ਕਿ 'ਸਿਧ ਗੋਸ਼ਟਿ' ਗੋਰਖ ਹਟੜੀ ਦੇ ਨਾਥ ਪੰਥੀ ਯੋਗੀਆਂ ਨਾਲ ਹੋਈ ਵਿਚਾਰ ਦਾ ਸਿਟਾ ਹੈ। ਇਸ ਵਿਚ ਗੁਰੂ ਜੀ ਨੇ ਯੋਗੀਆਂ ਦੇ ਪ੍ਰਸ਼ਨ ਤੇ ਆਪਣੇ ਵਲੋਂ ਦਿਤੇ ਉਤਰ ਦਰਜ ਕੀਤੇ ਹਨ। ਕੁਦਰਤੀ ਤੌਰ ਤੇ ਇਹਨਾਂ ਪ੍ਰਸ਼ਨ ਉਤਰਾਂ ਵਿਚ ਗੁਰੂ ਜੀ ਦੇ ਯੋਗੀਆਂ ਨਾਲ ਮਤਿ-ਭੇਦ ਵਿਸ਼ੇਸ਼ ਰੂਪ ਵਿਚ ਆ ਜਾਣੇ ਚਾਹੀਦੇ ਹਨ। ਉਂਞ ਤਾਂ ਇਹ ਮਤਿ-ਭੇਦ ਕਈ ਹੋ ਸਕਦੇ ਹਨ ਪਰ ਕੁਝ ਬੁਨਿਆਦੀ ਹਨ ਜਿਨ੍ਹਾਂ ਦਾ ਪਤਾ 'ਸਿਧ ਗੋਸ਼ਟਿ' ਦੇ ਅਰੰਭ ਵਿਚ ਹੀ ਰਹਾਉ ਦੀ ਤੁਕ ਤੋਂ ਮਿਲ ਜਾਂਦਾ ਹੈ; ਇਸ ਤੁਕ ਨੂੰ 'ਸਿਧ ਗੋਸ਼ਟਿ' ਦਾ ਇਕ ਤਰਾਂ ਸਾਰ ਹੀ ਸਮਝਣਾ ਚਾਹੀਦਾ ਹੈ; ਅਸੀਂ ਇਹ ਤੁਕ ਇਥੇ ਦੇ ਕੇ ਵਿਚਾਰ ਸ਼ੁਰੂ ਕਰਦੇ ਹਾਂ। ਤੁਕ ਇਹ ਹੈ :-

"ਕਿਆ ਭਵੀਐ ਸਚਿ ਸੂਚਾ ਹੋਇ। ਸਾਚ ਸ਼ਬਦ ਬਿਨੁ ਮੁਕਤਿ ਨ ਕੋਇ॥"

ਅਰਥਾਤ ਹੇ ਯੋਗੀ ਭਰਾਵੋ, ਸਚ (ਰੱਬ) ਦੀ ਭਾਲ ਵਿਚ ਘਰ ਬਾਹਰ ਛਡ ਕੇ ਭਟਕਦੇ ਫਿਰਨ ਦਾ ਕੀ ਲਾਭ ਹੈ ? ਆਖਰ, ਸਚ ਤੀਕ ਸੁਚਾ ਹੋ ਕੇ ਹੀ ਅਪੜਿਆ ਜਾ ਸਕੀਦਾ ਹੈ (ਭਾਵੇਂ ਕੋਈ ਘਰ ਵਿਚ ਹੋਵੇ ਤੇ ਭਾਵੇ ਘਰ ਤਿਆਗ ਕੇ ਬਾਹਰ ਭਟਕਦਾ ਹੋਵੇ; ਸਗੋਂ, ਘਰ ਵਿਚ ਛੇਤੀ ਪਤਾ ਲਗ ਜਾਂਦਾ ਹੈ ਕਿ ਮੋਹ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਕਿੰਨਾ ਸੁਚਾ ਕੋਈ ਹੋ ਸਕਿਆ ਹੈ। ਨਹੀਂ ਤਾਂ ਮੈਲ ਅੰਦਰ ਹੀ ਟਿਕੀ ਰਹਿ ਸਕਦੀ ਹੈ) ਯਾਦ ਰਖੋ ਕਿ ਸਚੇ ਸ਼ਬਦ ਦੀ ਅਮਲੀ ਕਮਾਈ ਤੋਂ ਬਿਨਾਂ ਕੋਈ ਵੀ ਮੁਕਤੀ ਪ੍ਰਾਪਤ ਨਹੀਂ ਕਰਦਾ।

ਰਹਾਉ ਦੀ ਇਸ ਨਿਕੀ ਜਹੀ ਤੁਕ ਵਿਚ ਗੁਰੂ ਸਾਹਿਬ ਨੇ ਕਿਸ ਯੋਗਤਾ ਨਾਲ ਯੋਗੀਆਂ ਨਾਲ ਅਪਨੇ ਵਡੇ ਤੇ ਛੋਟੇ ਮਤਿ-ਭੇਦਾਂ ਨੂੰ ਪ੍ਰਗਟ ਕਰ ਦਿਤਾ ਹੈ, ਇਸ ਗਲ ਦਾ ਪੂਰਾ ਅਨੁਮਾਨ ਇਸ ਤੁਕ ਦੀ ਵਿਆਖਿਆ ਉਪ੍ਰੰਤ ਭਲੀ ਪ੍ਰਕਾਰ

ਲਗ ਜਾਂਦਾ ਹੈ । ਉਹਨਾਂ ਦਾ ਇਕ ਵਡਾ ਤੇ ਮੁਖ ਮਤ-ਭੇਦ ਤਾਂ ਸਪਸ਼ਟ ਹੀ ਹੈ । ਯੋਗੀ ਭਾਵੇਂ ਕਿਸੇ ਵੀ ਭੇਖ ਵਿਚ ਹੋਵੇ ਤੇ ਕਿਤਨੀ ਵੀ ਵਿਸ਼ਾਲ ਸੂਝ ਬੂਝ ਦਾ ਮਾਲਕ ਹੋਵੇ ਉਹ ਗ੍ਰਿਹਸਤ ਜਾਂ ਘਰ ਬਾਹਰੀ ਜੀਵਨ ਨੂੰ ਇਕ ਘਟੀਆ ਜੇਹੀ ਚੀਜ਼ ਫਰਜ਼ ਕਰਕੇ ਦੁਰਕਾਰ ਛਡਦਾ ਸੀ । ਜੋਗ ਮਤਿ ਅਨੁਸਾਰ ਪੂਰਣਤਾ ਤਕ ਪੁਜਣ ਲਈ ਸੰਸਾਰ-ਤਿਆਗ ਦੀ ਸ਼ਰਤ ਲਾਜ਼ਮੀ ਮਿਥੀ ਗਈ ਸੀ ਤੇ ਇਸ ਨੂੰ ਹਰ ਭੇਖ ਦੇ ਯੋਗੀ ਨੇ ਪਰਵਾਣ ਕੀਤਾ ਹੋਇਆ ਸੀ । ਯੋਗੀਆਂ ਨੂੰ ਦ੍ਰਿੜ ਵਿਸ਼ਵਾਸ਼ ਸੀ ਕਿ ਪਰਮਾਰਥ ਦੇ ਰਾਹ ਤੇ ਵਧੇਰੇ ਆਸਾਣੀ ਤੇ ਸਫਲਤਾ ਨਾਲ ਪਹਾੜਾਂ, ਦਰਿਆ ਕਿਨਾਰਿਆਂ, ਮੜੀ ਮਸਾਣਾਂ ਤੇ ਕੰਦਰਾਂ ਆਦਿਕ ਥਾਵਾਂ ਤੇ, ਅਰਥਾਤ ਸੰਸਾਰ ਤੋਂ ਮੂਲੋਂ ਹੀ ਲਾਂਭੇ ਹੋ ਕੇ, ਤੁਰਿਆ ਜਾ ਸਕੀਦਾ ਹੈ । ਇਹ ਵਿਸ਼ਵਾਸ਼ ਇਕ ਪਹਿਲੂ ਤੋਂ ਕਿਸੇ ਹਦ ਤਕ ਠੀਕ ਵੀ ਸੀ । ਪ੍ਰਾਣਾਯਾਮ ਦੇ ਰੇਚਕ, ਪੂਰਕ ਤੇ ਕੁੰਭਕ ਅਭਿਆਸ ਅਤੇ ਕਈ ਹੋਰ ਕਠਨ ਸਾਧਨਾਂ, ਜਿਨਾਂ ਦਾ ਕੁਝ ਜ਼ਿਕਰ ਪਿਛੇ ਕੀਤਾ ਹੈ, ਸੰਸਾਰ ਦੇ ਰੌਲੇ ਰਪੇ ਤੋਂ ਲਾਂਭੇ ਹੋ ਕੇ ਸ਼ਾਇਦ ਛੇਤੀ ਸਿਰੇ ਚਾੜੇ ਜਾ ਸਕਦੇ ਹੋਣ । ਉਂਞ ਵੀ, ਕਈ ਯੋਗੀ ਗੈਰ-ਕੁਦਰਤੀ ਤੇ ਕਠਨ ਸਾਧਨਾਂ ਦੀ ਥਕਾਨਾਂ ਦੇ ਕਾਰਨ ਦੁਨਿਆਵੀ ਕੰਮਾਂ ਕਾਜਾ ਜੋਗੇ ਰਹਿ ਹੀ ਨਹੀਂ ਸਨ ਜਾਂਦੇ । ਕਾਇਆਂ ਮਾਂਜਨ ਦੇ ਕੰਮਾਂ ਤੇ ਤਪਾਂ ਆਦਿਕ ਨਾਲ ਕਈ ਜੋਗੀ ਸਰੀਰ ਤੇ ਮਨ ਨੂੰ ਇਸ ਤਰ੍ਹਾਂ ਸਿਥਲ ਵੀ ਕਰ ਲੈਂਦੇ ਸਨ ਕਿ ਉਹਨਾਂ ਵਿਚ ਭੋਗਨ ਦੀ ਸ਼ਕਤੀ ਹੀ ਨਹੀਂ ਰਹਿ ਜਾਂਦੀ ਸੀ । ਖੈਰ, ਯੋਗੀਆਂ ਦੀ ਬੁਨਿਆਦੀ ਵਿਚਾਰ ਧਾਰਾ ਸੰਸਾਰੀ ਹੋ ਕੇ ਵਿਚਰਨ ਨੂੰ ਘਿਰਨਾਂ ਦੀ ਨਜ਼ਰ ਨਾਲ ਹੀ ਵੇਖਦੀ ਸੀ । ਸੰਸਾਰ ਦੁਖਾਂ ਦਾ ਘਰ ਹੈ ਤੇ ਇਸ ਨੂੰ ਪਰਮਾਰਥ ਦੇ ਦ੍ਰਿਸ਼ਟੀ ਕੋਣ ਤੋਂ ਵਡੀ ਬੁਰਾਈ ਸਮਝਣਾ ਚਾਹੀਦਾ ਹੈ । ਇਸਤ੍ਰੀ ਦਾ ਪਿਆਰ, ਬਾਲ ਬਚਿਆਂ ਤੇ ਮਾਤਾ ਪਿਤਾ ਦੇ ਮੋਹ ਚਿਕੜ ਹਨ ਜਿਸ ਤੋਂ ਬਚਨ ਨਾਲ ਹੀ ਕਲਿਆਨ ਦਾ ਰਾਹ ਖੁਲ੍ਹਦਾ ਹੈ । ਟੱਬਰ ਦੀਆਂ ਜ਼ਿੰਮੇਵਾਰੀਆਂ ਫਾਹੀ ਤੇ ਜੰਜਾਲ ਹਨ ਤੇ ਪਰਮਾਰਥ ਦੇ ਰਾਹ ਵਿਚ ਰੋਕਾਂ ਬਣ ਜਾਂਦੀਆਂ ਹਨ ਤੇ ਇਹਨਾਂ ਦੇ ਤਿਆਗ ਤੋਂ ਬਿਨਾਂ ਮੋਖ ਦੀ ਪ੍ਰਾਪਤੀ ਦੀ ਆਸ ਸੁਪਨੇ ਤੋਂ ਵਧ ਹੈਸੀਅਤ ਨਹੀਂ ਰਖਦੀ । ਸੋ ਜੋਗੀਆਂ ਦੀ ਬਾਣ ਪ੍ਰਸਤੀ, ਰਿਸ਼ਾਕਸ਼ੀ ਤੇ ਅੰਤਰ-ਧਿਆਨ ਸਮਾਧੀਆਂ ਦੇ ਨਾਲ ਨਾਲ ਸੰਨਿਆਸ ਆਸ਼ਰਮ ਤੇ ਬੰਧੀਆਂ ਦੇ ਤਿਆਗ ਆਦਿਕ ਭਾਰਤ ਅੰਦਰ ਲੰਮੇ ਸਮੇਂ ਤੋਂ ਇਕਸਾਰ ਚਲਦੇ ਰਹੇ ਸਨ । ਇਸੇ ਵਿਚਾਰਧਾਰਾ ਦੇ ਅਸਰ ਹੇਠ ਬੁਧ ਜੀ ਨੇ ੨੯ ਸਾਲ ਦੀ ਉਮਰ ਵਿਚ ਹੀ ਘਰ ਬਾਰ ਤੇ ਰਾਜ ਭਾਗ ਤਿਆਗ ਦਿਤੇ ਸਨ । ਉਸ ਵੇਲੇ ਉਹ

ਇਕ ਛੋਟੀ ਜਹੀ ਰਿਆਸਤ ਦੇ ਸ਼ਾਹਜ਼ਾਦੇ ਸਨ। ਅਜੇ ਅਧੀ ਰਾਤ ਹੀ ਗੁਜ਼ਰੀ ਸੀ ਕਿ ਉਹ ਅਚਾਨਕ ਆਪਣੀ ਇਸਤ੍ਰੀ ਤੇ ਇਕ ਛੋਟੇ ਬੱਚੇ ਨੂੰ ਸੁਤਿਆਂ ਛੱਡ ਕੇ ਚੁਪ ਚਪੀਤੇ ਘਰੋਂ ਚਲੇ ਗਏ ਸਨ। ਉਹਨਾਂ ਅਪਣੇ ਪੰਜੇ ਸਾਥੀਆਂ ਸਮੇਤ ਵਰ੍ਹਿਆਂ ਬੱਧੀ ਤਪ ਸਾਧਨ ਕੀਤੇ ਸਨ ਤੇ ਸੁਕ ਕੇ ਪਿੰਜਰ ਹੋ ਗਏ ਸਨ। ਇਕ ਹੋਰ ਬਜ਼ੁਰਗ ਬਾਬਾ ਫਰੀਦ ਜੀ ਨੇ ਇਕ ਸਮੇਂ ਇਹ ਪਰਵਾਨ ਕਰ ਲਿਆ ਸੀ ਕਿ ਮੋਖ ਦੀ ਪ੍ਰਾਪਤੀ ਲਈ ਕਠਨ ਤਪ ਤੇ ਦੇਹ ਅਭਿਆਸ ਇਸ ਹਦ ਤਕ ਜਾਣਾ ਚਾਹੀਦਾ ਹੈ ਕਿ ਸਰੀਰ ਵਿਚ ਖ਼ੂਨ ਦਾ ਕਤਰਾ ਵੀ ਨਾ ਰਹਿ ਜਾਏ। ਸੰਸਾਰ ਨੂੰ ਵੀ ਦੁਖਾਂ ਦਾ ਘਰ ਸਮਝਿਆ ਸੀ ਤੇ ਈਸ਼੍ਵਰ ਪਿਆਰੇ ਦੀ ਪ੍ਰਾਪਤੀ ਲਈ ਉਹ ਸੰਸਾਰ ਨੂੰ ਤਿਆਗ ਦੇ ਲੀਰਾਂ ਵਿਚ ਰੁਲਦੇ ਫਿਰਨ ਦੀਆਂ ਗਲਾਂ ਇਉਂ ਕਰਦੇ ਸਨ।

'ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥'

(ਸਲੋਕ ਫਰੀਦ ਜੀ)

ਅਰਥਾਤ, 'ਹੇ ਫਰੀਦ, ਮੈਂ ਆਪਣੇ ਸਭ ਕਪੜੇ ਪਾੜ ਕੇ ਲੀਰ ਲੀਰ ਕਰ ਦਿਆਂ ਤੇ ਕੰਬਲੀ ਪਾ ਕੇ ਉਸ ਪ੍ਰਮਾਤਮਾ ਦੀ ਤਲਾਸ਼ ਕਰਾਂ। ਜਿਸ ਕਿਸੇ ਵੇਸ ਵਿਚ ਵੀ ਉਹ ਮਿਲਦਾ ਹੋਵੇ ਮੈਂ ਓਹੋ ਵੇਸ ਬਣਾ ਲਵਾਂਗਾ।'

ਸ਼ੇਖ ਫਰੀਦ ਜੀ ਦੇ ਗਦੀਦਾਰ ਸ਼ੇਖ ਬ੍ਰਹਮ ਨਾਲ ਗੁਰੂ ਜੀ ਦੀ ਪਾਕਪਟਨ ਵਿਚ ਦੋ ਵਾਰ ਮੁਲਾਕਾਤ ਹੋਈ ਸੀ ਤੇ ਹਰ ਵਾਰ ਹੀ ਉਹਨਾਂ ਸੰਸਾਰ-ਤਿਆਗ ਦੀ ਫਿਲਾਸਫੀ ਦਾ ਚੀਰ ਫਾੜ ਕਰਾਇਆ ਸੀ। ਸ਼ੇਖ ਜੀ ਨੇ ਗੁਰੂ ਜੀ ਨੂੰ ਇਉਂ 'ਮਸ਼ਵਰਾ' ਦਿਤਾ ਸੀ :

'ਅਕੈ ਤਾਂ ਲੋੜ ਮੁਕਦਮੀ ਅਕਹ ਤਾਂ ਅਲਾਹ ਲੋੜ।
ਦੋਹੀ ਬੇੜੀ ਨ ਲਤ ਧਰ ਮਤ ਵੰਞਹੁ ਵਖਰ ਬੋੜ।'

ਅਰਥਾਤ ਜਾਂ ਸੰਸਾਰੀ ਪ੍ਰਤਾਪ ਦੀ ਭਾਲ ਕਰੋ ਤੇ ਜਾਂ ਰਬ ਦਾ ਰਾਹ ਫੜੋ। ਦੋ ਬੇੜੀਆਂ ਵਿਚ ਪੈਰ ਨਾ ਧਰੋ, ਨਹੀਂ ਤਾਂ ਸਾਰੀ ਪੂੰਜੀ ਡੋਬ ਕੇ ਤੁਰ ਜਾਉਗੇ।' ਸ਼ੇਖ ਜੀ ਦਾ ਭਾਵ ਇਹ ਸੀ ਕਿ ਸੰਸਾਰ ਅੰਦਰ ਆਸਾ, ਅੰਦੇਸਾ, ਫਿਕਰ, ਝੋਰੇ, ਤੇ ਖ਼ਾਹਿਸ਼ਾਂ ਆਦਿਕ ਸਦਾ ਹੀ ਬਣੇ ਰਹਿੰਦੇ ਹਨ ਤੇ ਦੁਖਾਂ ਕਸ਼ਟਾਂ ਵਿਚ ਵਧਾ ਕਰਦੇ ਰਹਿੰਦੇ ਹਨ। ਇਸ ਲਈ ਜੀਵਨ ਨੂੰ ਸੁਖਦਾਈ ਤੇ ਸਫਲ ਬਨਾਣ ਲਈ ਸੰਸਾਰ-

ਤਿਆਗ ਇਕ ਲੋੜੀਂਦਾ ਕਦਮ ਹੈ ਤੇ ਇਸ ਤਿਆਗ ਵਿਚ ਸਭ ਦੁਨਿਆਵੀ ਕੰਮ ਕਾਜ ਸਮੇਤ ਜੀਵਨ ਦੇ ਨਿਰਬਾਹ ਲਈ ਜਾਂ ਰੋਟੀ ਲਈ ਆਪਣੇ ਵਲੋਂ ਕੀਤੇ ਉਪਰਾਲੇ ਵੀ ਆ ਜਾਂਦੇ ਹਨ । ਇਸ ਮਹਾਂ ਪੁਰਸ਼ ਨੇ ਜੀਵਨ ਦੀਆਂ ਮੁਸ਼ਕਲਾਂ ਦੀ ਪੜਚੋਲ ਤਾਂ ਚੰਗੀ ਕੀਤੀ ਸੀ ਪਰ ਜੋ ਅੰਤਮ ਸਿਟਾ ਉਹਨਾਂ ਕਢਿਆ ਸੀ ਉਹ ਨਿਰਾਸ਼ਾਵਾਦੀ ਮਾਨਸਕ ਦਸ਼ਾ ਤੋਂ ਹੀ ਉਪਜਿਆ ਸੀ । ਇਹ ਤਾਂ ਠੀਕ ਹੈ ਕਿ ਖਾਹਿਸ਼ਾਂ ਬੇਅੰਤ ਹਨ ਤੇ ਪੂਰਤੀ ਮਹਿਦੂਦ ਹੈ ਪਰ ਸੰਸਾਰੀ ਹੋ ਕੇ ਵੀ ਮਨ ਤੇ ਕਾਬੂ ਪਾਇਆ ਜਾ ਸਕਦਾ ਹੈ, ਤੇ ਨਾਲ ਜੀਵਨ ਖੂਬਸੂਰਤੀ ਵੀ ਲਭਦੀ ਹੈ, ਨਹੀਂ ਤਾਂ ਜੀਵਨ ਅਧੂਰਾ ਹੈ । ਇਸ ਮਾਨਸਕ ਦਸ਼ਾ ਵਿਚ ਜਿਨਸੀ ਖਾਹਿਸ਼ ਨੂੰ ਤਾਂ ਵਿਸ਼ੇਸ਼ ਕਰਕੇ ਘ੍ਰਿਣਤ ਸਮਝਿਆ ਗਿਆ ਸੀ ਤੇ ਇਸ ਦਾ ਮੂਲੋਂ ਹੀ ਤਿਆਗ ਧਰਮ ਦੀ ਬੁਨਿਆਦ ਬਣਾ ਲਈ ਗਈ ਸੀ । ਇਹ ਫਰਜ਼ ਕਰ ਲਿਆ ਗਿਆ ਸੀ ਕਿ ਇਸਤ੍ਰੀ ਬੁਰਾਈ ਹੈ ਜਿਸ ਤੋਂ ਸਦਾ ਹੀ ਦੂਰ ਰਹਿਣਾ ਚਾਹੀਦਾ ਹੈ । ਇਹ ਜਿਨਸੀ ਖਾਹਿਸ਼ਾਂ ਦੀ ਲਪੇਟ ਵਿਚ ਪਈ ਰਹਿੰਦੀ ਹੈ ਤੇ ਸਮਾਜ ਨੂੰ ਬਰਬਾਦ ਕਰਕੇ ਰਖ ਦਿੰਦੀ ਹੈ । ਕਿਉਂਕਿ ਇਸ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ, ਇਸ ਨੂੰ ਪਰਦਿਆਂ ਵਿਚ ਹੀ ਢਕ ਦੇਣਾ ਚਾਹੀਦਾ ਹੈ । ਅਜੇਹੇ ਖਿਆਲਾਂ ਦੇ ਕਾਰਨ ਹੀ ਇਸਤ੍ਰੀ ਜਾਤੀ ਦਾ ਮਾਣ ਘਟਨਾ ਸ਼ੁਰੂ ਹੋ ਗਿਆ ਸੀ । ਛਜੂ ਵਰਗੇ ਭਗਤ ਨਿਰਾਸ਼ਵਾਦ ਦੀ ਭਿਆਨਕ ਹਦ ਤਕ ਜਾ ਕੇ ਇਉਂ ਪ੍ਰਚਾਰ ਕਰ ਲੈਂਦੇ ਸਨ । 'ਕਾਗਦ ਸੰਦੀ ਪੁਤਲੀ ਤਊ ਨ ਤ੍ਰਿਆ ਨਿਹਾਰਿ ॥ ਯੌਂਹੀ ਮਾਰਿ ਲੇ ਜਾਵਹੀ ਜਥਾ ਬਿਲੋਚਨ ਧਾੜ ॥' ਅਰਥਾਤ ਇਸਤ੍ਰੀ ਏਡੀ ਖਤਰਨਾਕ ਹੈ ਕਿ ਕਾਗਜ਼ ਦੀ ਪੁਤਲੀ ਦੇ ਰੂਪ ਵਿਚ ਵੀ ਇਸ ਨੂੰ ਵੇਖਣਾ ਨਹੀਂ ਚਾਹੀਦਾ । ਇਹ ਮਨੁੱਖਾਂ ਨੂੰ ਕਾਮਵਸ ਕਰਕੇ ਇਸਤ੍ਰਾਂ ਮਾਰ ਸੁਟਦੀ ਹੈ ਜਿਵੇਂ ਬਿਲੋਚਾਂ ਦੀ ਧਾੜ ਮਾਰ ਮੁਕਾਂਦੀ ਸੀ । ਗੁਰੂ ਸਾਹਿਬ ਨੇ ਇਨ੍ਹਾਂ ਸਭ ਖਿਆਲਾਂ ਨੂੰ ਮੂਲੋਂ ਹੀ ਗਲਤ ਸਮਝ ਕੇ ਅਪ੍ਰਵਾਣ ਕੀਤਾ ਸੀ । ਜਗਤ ਬੁਰਾਈ ਨਹੀਂ ਹੈ ਤੇ ਨਾ ਹੀ ਇਸ ਦਾ ਆਰੰਭ ਬੁਰਾਈ ਤੋਂ ਹੋਇਆ ਹੈ ਤੇ ਨਾ ਹੀ ਇਸ ਨੂੰ ਆਪਣੇ ਆਪ ਵਿਚ ਦੁਖਾਂ ਦਾ ਘਰ ਮੰਨਿਆ ਜਾ ਸਕਦਾ ਹੈ । ਜਦ ਕਰਤਾ ਪੁਰਖ ਆਪ ਸਤਿ ਹੈ ਤਾਂ ਉਸ ਦੀ ਰਚਨਾ ਵੀ ਸਤਿ ਹੈ । ਗੁਰੂ ਜੀ ਕਹਿੰਦੇ ਸਨ :

'ਤੂੰ ਸਚਾ ਸਚਿਆਰ ਜਿਨ ਸਚੁ ਵਰਤਾਇਆ ।' (ਮਲਾਰ ਮਹਲਾ ੧)

ਫਿਰ ਹੋਰ :

'ਨਾਨਕ ਸਚੇ ਕੀ ਸਚੀ ਕਾਰ ।' (ਜਪੁ ਜੀ, ਗੁਰੂ ਨਾਨਕ)

ਗੁਰੂ ਜੀ ਬੁਨਿਆਦੀ ਗਲ ਦਸਦੇ ਸਨ ਕਿ ਪ੍ਰਮਾਤਮਾ ਨੇ ਮਨੁੱਖ ਨੂੰ ਸਮਾਜਕ ਜੀਵ ਬਣਾਇਆ ਹੈ ਤੇ ਇਸ ਦਾ ਵਿਕਾਸ ਸਮਾਜ ਤੋਂ ਵਖਰਾ ਰਹਿ ਕੇ ਅਪੂਰਨ ਰਹਿੰਦਾ ਹੈ। ਇਹੋ ਗਲ ਗੁਰੂ ਜੀ ਨੇ ਅਚਲ ਬਟਾਲੇ ਦੇ ਯੋਗੀ ਭੰਗਰ ਨਾਥ ਨੂੰ ਅਲੰਕਾਰਕ ਢੰਗ ਨਾਲ ਇਉਂ ਸਮਝਾਈ ਸੀ :

'ਨਾਨਕ ਆਖੈ ਭੰਗਰ ਨਾਥ ਤੇਰੀ ਮਾਉ ਕੁਚਜੀ ਆਹੀ ॥
ਭਾਂਡਾ ਧੋਇ ਨ ਜਾਤਿਓਸ ਭਾਇ ਕੁਚਜੇ ਫੁਲ ਸੜਾਈ ॥
ਹੋਇ ਅਤੀਤ ਗ੍ਰਿਹਸਤ ਤਜਿ ਫਿਰਿ ਉਨਹੂੰ ਕੇ ਘਰ ਮੰਗਣ ਜਾਈ।
ਬਿਨ ਦਿਤੇ ਕਿਛ ਹਥ ਨ ਆਈ ॥'

ਗੁਰੂ ਜੀ ਭੰਗਰ ਨਾਥ ਨੂੰ ਦਸਦੇ ਹਨ ਕਿ ਉਸ ਦੀ ਮਾਂ ਹੀ ਕੁਚਜੀ ਹੈ ਅਰਥਾਤ ਉਸ ਦਾ ਉਸਤਾਦ ਜਾਂ ਗੁਰੂ ਹੀ ਅਪੂਰਨ ਹੈ ਜਿਸ ਨੇ ਉਸ ਨੂੰ ਤਿਆਗ ਦੇ ਇਸ ਗਲਤ ਰਾਹੇ ਪਾਇਆ ਹੈ। ਉਸ ਮਾਂ ਨੇ ਰਿੜਕ ਕੇ ਮਖਣ ਕੀ ਕਢਨਾ ਹੋਇਆ ਜਿਸ ਨੂੰ ਭਾਂਡਾ ਧੋਣ ਦਾ ਵਲ ਵੀ ਨਹੀਂ ਹੈ ਭਾਵ ਉਸ ਉਸਤਾਦ ਨੇ ਜੀਵਣ ਦੀ ਅਸਲੀਅਤ ਲਭ ਕੇ ਕਿਸੇ ਨੂੰ ਕੀ ਦਸਨੀ ਹੈ ਜੋ ਆਪ ਹੀ ਜੀਵਣ ਤੋਂ ਭਜ ਭਜ ਜਾਂਦਾ ਹੈ। ਧਰਮ ਦਾ ਦਸਿਆ ਉਹ ਰਾਹ ਹੀ ਕੀ ਹੋਇਆ ਜਿਸ ਤੇ ਤੁਰਿਆਂ ਅਪਣੀ ਰੋਟੀ ਦਾ ਪ੍ਰਬੰਧ ਵੀ ਨਹੀਂ ਕੀਤਾ ਜਾਂਦਾ ਤੇ ਪਾਂਧੀ ਨੂੰ ਦੂਜਿਆਂ ਦੇ ਦਰਾਂ ਤੇ ਭਟਕਨ ਲਈ ਮਜਬੂਰ ਹੋਣਾ ਪੈਂਦਾ ਹੈ। ਗ੍ਰਿਹਸਤੀਆਂ ਨੂੰ ਨੀਵਾਂ ਕਹਿਣ ਵਾਲੇ ਲੋਕ ਉਨ੍ਹਾਂ ਦੇ ਹੀ ਘਰੀ ਕਿਉਂ ਮੰਗਣ ਲਈ ਚੜੀ ਫਿਰਦੇ ਹਨ? ਉਹ ਖਟ ਘਾਲ ਕੇ ਕਿਉਂ ਨਹੀਂ ਖਾਂਦੇ, ਉਹ ਆਪਣਾ ਭਾਰ ਦੂਜਿਆਂ ਤੇ ਕਿਉਂ ਪਾਂਦੇ ਹਨ? ਸੋ ਯੋਗੀ ਤਾਂ ਮੁਢਹੁੰ ਹੀ ਘੁਥਾ ਹੈ। ਫਿਰ ਉਸ ਨੂੰ ਕੀ ਹਕ ਹੈ ਕਿ ਉਹ ਦੂਜਿਆਂ ਨੂੰ ਰਾਹ ਵਿਖਾਣ ਦਾ ਦਮ ਭਰੇ। ਗੁਰੂ ਜੀ ਕਹਿੰਦੇ ਹਨ :

'ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੇ ਪਤਿ ਹਾਰੀ ॥'

(ਮਾਰੂ ਮਹਲਾ ੧)

ਇਸ ਲਈ ਇਸ ਰਬ ਦੀ ਸੋਹਣੀ ਦੁਨੀਆਂ ਵਿਚ ਗ੍ਰਿਹਸਤ ਹੀ ਕੁਦਰਤੀ ਤੇ ਠੀਕ ਰਾਹ ਹੈ।

ਇਹ ਸਨ ਗੁਰੂ ਜੀ ਦੇ ਸਪਸ਼ਟ ਵਿਚਾਰ ਜੋ ਉਹਨਾਂ ਥਾਂ ਪਰ ਥਾਂ ਖਿਲਾਰੇ

ਸਠ ਪਰ ਗੁਰੂ ਘਰ ਵਿਚ ਹੀ ਇਸ ਗਲ ਦਾ ਤਜਰਬਾ ਹੋ ਗਿਆ ਕਿ ਸਦੀਆਂ ਤੋਂ ਹੋ ਰਹੇ ਸੰਸਾਰ-ਤਿਆਗ ਦੇ ਪ੍ਰਚਾਰ ਦਾ ਅਸਰ ਛੇਤੀ ਨਾਲ ਜਾਇਲ ਹੋਣ ਵਾਲਾ ਨਹੀਂ ਸੀ। ਤਿਆਗੀਆਂ ਲਈ ਇਕ ਖਾਸ ਕਿਸਮ ਦੀ ਹਮਦਰਦੀ ਤੇ ਸਤਿਕਾਰ ਦਾ ਜਜ਼ਬਾ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੁੱਕਾ ਹੋਇਆ ਸੀ। ਚੁਨਾਂਚਿ ਜਦ ਗੁਰੂ ਜੀ ਨੇ ਅਪਨੇ ਸਰੀਰ ਦੇ ਅੰਤ ਸਮੇਂ ਗਦੀ ਦੀ ਜ਼ਿਮੇਵਾਰੀ ਇਕ ਗ੍ਰਿਹਸਤੀ ਦੇ ਹਵਾਲੇ ਕੀਤੀ ਤਾਂ ਦੁਨੀਆਂ ਹੈਰਾਣ ਰਹਿ ਗਈ। ਲਹਣਾ ਜੀ ਨੂੰ ਗੁਰੂ ਜੀ ਦੇ 'ਪੁਰਖ ਹੋਦੇ ਬਹਿ ਰਾਜ ਆਪਿ ਟਿਕਾਇਆ' ਦੇ ਬਾਵਜੂਦ ਵੀ ਬਹੁਤ ਸਾਰੇ ਲੋਕਾਂ ਦੀ ਹਮਦਰਦੀ ਬਾਬਾ ਸ੍ਰੀ ਚੰਦ ਜੀ ਨਾਲ ਹੋ ਗਈ ਤੇ ਕੇਵਲ ਇਸ ਲਈ ਕਿ ਬਾਬਾ ਸ੍ਰੀ ਚੰਦ ਜੀ ਉਦਾਸੀ ਸਾਧੂ ਹੋ ਗਏ ਸਨ। ਦੂਜੇ ਤੀਜੇ ਸਤਿਗੁਰਾਂ ਨੇ ਉਚੇਚੇ ਤੌਰ ਤੇ ਜ਼ੋਰ ਲਾਕੇ ਸਿਖ ਸੰਗਤਾਂ ਨੂੰ ਗੁਮਰਾਹ ਹੋਣੋਂ ਬਚਾਇਆ ਸੀ: ਇਤਨੀ ਜ਼ਬਰਦਸਤ ਸੀ ਇਹ ਤਿਆਗ ਦੀ ਪਕੜ ਹਾਲਾਂਕਿ ਇਸ ਪਕੜ ਦੇ ਭਿਆਨਕ ਸਿਟੇ ਹਿੰਦ ਵਾਸੀਆਂ ਨੇ ਵੇਖ ਵੀ ਲਏ ਹੋਏ ਸਨ। ਹਿੰਦੀਆਂ ਦੀ ਇਕ ਖਾਸ ਜਿਹਨੀਅਤ ਬਨ ਗਈ ਹੋਈ ਸੀ ਜਿਸ ਦੇ ਕਾਰਨ ਭਾਰਤ ਲੰਮਾ ਸਮਾਂ ਗੁਲਾਮ ਰਹਿਆ ਸੀ। ਜੋਗੀ ਤੇ ਸੰਨਿਆਸੀ ਆਦਿਕ ਟੋਲਿਆਂ ਦੇ ਟੋਲੇ ਬੰਨਕੇ ਵਸਦੇ ਘਰਾਂ ਨੂੰ ਉਜਾੜ ਪਹਾੜਾਂ ਤੇ ਜੰਗਲਾਂ ਨੂੰ ਮੂੰਹ ਕਰ ਲੈਂਦੇ ਸਨ। ਸੰਸਾਰ ਵਿਚ ਕੁੱਝ ਹੁੰਦਾ ਰਹੇ ਉਨ੍ਹਾਂ ਨੂੰ ਇਸ ਨਾਲ ਵਾਸਤਾ ਨਹੀਂ ਸੀ ਹੁੰਦਾ। ਗੁਰੂ ਸਾਹਿਬ ਦੇਸ ਦੇ ਨੇਤਾਵਾਂ ਨੂੰ ਉਹਨਾਂ ਦੇ ਟਿਕਾਣਿਆਂ ਤੇ ਲਭ ਲਭ ਕੇ ਮਿਲ ਸਨ ਤੇ ਸਮਾਜਕ ਜੀਵਨ ਦੀ ਮਹਾਨਤਾ ਦੀ ਦੁਹਾਈ ਫੇਰੀ ਸੀ। ਭਾਈ ਗੁਰਦਾਸ ਜੀ ਨੇ ਸੁਮੇਰ ਪਰਬਤ ਤੇ ਹੋਈ ਸਿਧਾਂ ਨਾਲ ਗੁਰੂ ਜੀ ਦੀ ਮਿਲਨੀ ਦਾ ਜ਼ਿਕਰ ਕਰਦਿਆਂ ਇਸ ਦੁਹਾਈ ਦਾ ਇਉਂ ਪ੍ਰਗਟਾਵਾ ਕੀਤਾ ਹੈ :

'ਬਾਬੇ ਕਹਿਆ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ ॥
ਸਿਧ ਛਪ ਬੈਠੇ ਪਰਬਤੀ ਕੌਣ ਜਗਤ ਕੋ ਪਾਰ ਉਤਾਰਾ ॥
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ ॥
ਬਾਝ ਗੁਰੂ ਡੁਬਾ ਸੰਸਾਰਾ ॥'

ਅਰਥਾਤ, 'ਬਾਬੇ ਨਾਨਕ ਜੀ ਨੇ ਨਾਥ ਜੀ ਨੂੰ ਦਸਿਆ ਕਿ ਦੇਸ ਅੰਦਰ ਸਚ-ਚੰਦ ਲੋਪ ਹੋ ਗਿਆ ਹੋਇਆ ਹੈ ਤੇ ਕੂੜ-ਮਸਿਆ ਦਾ ਘੁਪ-ਹਨੇਰਾ ਛਾ ਗਿਆ ਹੋਇਆ ਹੈ। ਜੇ ਸਿਧ ਹੀ (ਕਮਾਈ ਵਾਲੇ ਲੋਕ ਹੀ) ਲਾਂਭੇ ਲੁਕੇ ਬੈਠੇ ਹਨ ਤਾਂ ਦਸੋ, ਜਗਤ ਦਾ

ਬਚਾਉ ਕਿਵੇਂ ਹੋਵੇਗਾ ਉਹ ਲੋਕ ਜੋ ਗਿਆਨੀ ਸਮਝੇ ਜਾਂਦੇ ਹਨ, ਵਾਸਤਵ ਵਿਚ ਸਹੀ ਗਿਆਨ ਤੋਂ ਖਾਲੀ ਹਨ ਕਿਉਂਕਿ ਉਹ ਅਪਣਾ ਫਰਜ਼ ਨਹੀਂ ਪਛਾਨਦੇ, ਸਗੋਂ ਦਿਨ ਰਾਤ ਸਰੀਰ ਨੂੰ ਸੁਆਹ ਮਲੀ ਫਿਰਦੇ ਹਨ, ਜਿਵੇਂ ਕਿ ਉਹਨਾਂ ਦਾ ਜਗਤ ਨਾਲ ਕੋਈ ਵਾਸਤਾ ਹੀ ਨਹੀਂ। ਨਿਰਸੰਦੇਹ, ਸਹੀ ਆਗੂ ਤੋਂ ਬਿਨਾਂ ਜਗਤ ਡੁਬ ਰਿਹਾ ਹੈ।'

ਗੁਰੂ ਜੀ ਦੀਆਂ ਨਜ਼ਰਾਂ ਵਿਚ ਇਹ ਵੀ ਇਕ ਤਰ੍ਹਾਂ ਦੀ ਖੁਦਗਰਜ਼ੀ ਹੀ ਸੀ, ਭਾਵੇਂ ਨੀਵੀਂ ਕਿਸਮ ਦੀ ਖੁਦਗਰਜ਼ੀ ਨਹੀਂ ਸੀ, ਕਿ ਕੋਈ ਮਨੁੱਖ ਕੇਵਲ ਅਪਣੀ ਨਿਜੀ ਉਨਤੀ ਦੇ ਫਿਕਰ ਵਿਚ ਦੁਨੀਆਂ ਅੰਦਰ ਵਰਤ ਰਹੇ ਹਾਲਾਤ ਵਲੋਂ ਉਕਾ ਹੀ ਅਖਾਂ ਮੀਟ ਛਡੇ। ਅਜੇਹਾ ਮਨੁੱਖ ਜਿਸ ਨੂੰ ਦੂਜਿਆਂ ਦੀ ਪੀੜ ਅਪਣੀ ਹੋ ਕੇ ਨਹੀਂ ਦਿਸਦੀ ਠਰਿਆ ਹੋਇਆ ਤੇ ਨਿਰਜਿੰਦ ਹੀ ਹੁੰਦਾ ਹੈ, ਇਹ ਗਲ ਅਜੇ ਸਮਝ ਆ ਸਕਦੀ ਹੈ ਕਿ ਆਤਮ ਪ੍ਰਾਪਤ ਕਰਨ ਲਈ ਜਾਂ ਅਪਣੇ ਮਨ ਦੀ ਕਲਿਆਨ, ਸ਼ਾਂਤੀ, ਤੇ ਸੁਖ ਲਈ, ਕੁਝ ਸਮਾਂ ਕੋਈ ਮਨੁੱਖ ਲਾਂਭੇ ਹੋ ਕੇ ਜਪ ਤਪ ਦੀ ਸਾਧਨਾ ਦੁਆਰਾ ਪਹਿਲਾਂ ਆਪ ਭਾਰਾ ਗਉਰਾ ਹੋਵੇ ਪਰ ਇਸ ਜਪ ਤਪ ਦਾ ਅਵਸ਼ ਸਿਟਾ ਸੇਵਾ ਤੇ ਉਪਕਾਰ ਵਿਚ ਨਿਕਲਨਾ ਚਾਹੀਦਾ ਹੈ, ਨਹੀਂ ਤਾਂ ਜਪ ਤਪ ਦਾ ਮਨੋਰਥ ਮਹਿਦੂਦ ਹੋ ਜਾਂਦਾ ਹੈ। ਜਿਸ ਮਨੁੱਖ ਨੇ ਹਰੀ ਨੂੰ ਅਪਣੇ ਅੰਦਰ ਲਭ ਲੈਣਾ ਹੈ ਉਸ ਨੇ ਇਸ ਨੂੰ ਦੂਜਿਆਂ ਦੇ ਅੰਦਰ ਵੀ ਵੇਖਣਾ ਹੈ। ਇਸ ਤੋਂ ਹੀ ਸੇਵਾ ਤੇ ਉਪਕਾਰ ਸੁਤੇ ਪ੍ਰਗਟਨਾ ਹੈ। ਸਰੀਰ ਨੂੰ ਕਸ਼ਟਾਂ ਵਿਚ ਪਾਇਆ ਹੀ ਕਿਉਂ ਜਾਏ, ਜੇ ਇਸ ਵਿਚੋਂ ਜਗਤ ਪਿਆਰ ਦੀ ਭਾਵਨਾ ਉਤਪੰਨ ਨਹੀਂ ਹੋਣੀ ? ਇਹ ਸਰੀਰ ਆਤਮਾ ਦਾ ਹੀ ਨਿਵਾਸ ਅਸਥਾਨ ਹੈ। ਇਹ 'ਹਰਿ ਕਾ ਮੰਦਰ' ਹੈ ਜਿਥੇ ਹਰੀ ਦੀ ਪੂਜਾ ਤੇ ਹਰੀ ਦੀ ਭਾਲ ਹੋਣੀ ਹੈ :

"ਹਰਿ ਕਾ ਮੰਦਰ ਸੋਹਣਾ ਕੀਆ ਕਰਣੇਹਾਰਿ ॥" (ਸਿਰੀ ਰਾਗ ਮਹਲਾ ੧)

ਇਸ ਸੋਹਣੇ ਮੰਦਰ ਨੂੰ ਕਸ਼ਟਾਂ ਵਿਚ ਕਿਉਂ ਪਾਇਆ ਜਾਏ ? ਕੀ ਇਹ ਠੀਕ ਨਹੀਂ ਕਿ ਮਨੁੱਖ ਜੀਵਣ ਇਕ ਅਮੋਲਕ ਅਵਸਰ ਹੈ ਜਿਸ ਨੂੰ ਦੇਵਤੇ ਵੀ ਲੋਚਦੇ ਮੰਨੇ ਗਏ ਹਨ ? ਸੋ ਮਨੁੱਖਾ ਸਰੀਰ ਦੀ ਰਖਿਆ ਤੇ ਦੇਖ ਭਾਲ ਆਤਮਾ ਦੇ ਵਿਕਾਸ ਲਈ ਜ਼ਰੂਰੀ ਫਰਜ਼ ਹੈ। ਕੀ ਇਸ ਨੂੰ ਕਸ਼ਟਾਂ ਵਿਚ ਪਾਣਾ ਆਤਮਾ ਦੇ ਵਿਕਾਸ ਨੂੰ ਵਧੇਰੇ ਮੁਸ਼ਕਲ ਨਹੀਂ ਬਣਾਦਾ ? ਨਿਰੋਆ ਮਨ ਨਿਰੋਏ ਸਰੀਰ ਵਿਚ

ਪਲਦਾ ਪੁੰਗਰਦਾ ਹੈ । ਸ਼ੇਖ ਫਰੀਦ ਜੀ ਦੀ ਜਪ ਤਪ ਸੰਬੰਧੀ ਵਿਚਾਰਧਾਰਾ ਨੂੰ ਗੁਰੂ ਜੀ ਨੇ ਇਉਂ ਕਟਿਆ ਸੀ :

'ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲ ॥'

ਅਰਥਾਤ 'ਤਨੁ ਨੂੰ ਤਪਾਂ ਵਿਚ ਪਾ ਕੇ ਤਨੂਰ ਵਾਂਗ ਤਪਾਣ ਅਤੇ ਹਡਾਂ ਨੂੰ ਬਾਲਣ ਵਾਂਗ ਸਾੜਨ ਦੀ ਲੋੜ ਨਹੀਂ । ਸਿਰ, ਪੈਰਾਂ ਤੇ ਹੋਰ ਸਰੀਰ ਦੇ ਅੰਗਾਂ ਦਾ ਕੀ ਦੋਸ਼ ਹੈ, ਸਗੋਂ ਇਸੇ ਸਰੀਰ ਦੀ ਸਹਾਇਤਾ ਨਾਲ ਅੰਦਰ ਪਿਆਰੇ ਨੂੰ ਲਭੋ ।' ਜੀਵਣ ਦੇ ਨਿਰਬਾਹ ਲਈ ਸਰੀਰ ਦੀਆਂ ਲੋੜਾਂ ਨੂੰ ਪੂਰਾ ਕਰਨਾ ਫਰਜ਼ ਹੈ 'ਖਾਣਾ ਪੀਣਾ ਪਵਿਤ੍ਰ ਹੈ ।' ਕਠਨ ਤਪਾਂ ਵਿਚ ਪੈਣਾ ਗਲਤ ਕੀਮਤਾਂ ਤੇ ਆਧਾਰਤ ਹੈ । ਇਸ ਦੇ ਇਹ ਅਰਥ ਨਹੀਂ ਕਿ ਖਾਣ, ਪੀਣ ਪਹਿਨਣ ਦੀ ਖੁਲੀ ਛੁੱਟੀ ਹੈ । ਇਹ ਦੂਜੀ ਇੰਤਹਾ ਹੈ ਜਿਸ ਤੋਂ ਬਚਣਾ ਓਨਾ ਹੀ ਜ਼ਰੂਰੀ ਹੈ ਜਿੰਨਾਂ ਪਹਿਲੀ ਤੋਂ । ਜੇ ਸਰੀਰ ਨੇ ਆਤਮਾ ਦਾ ਸਹਾਇਕ ਨਹੀਂ ਬਨਣਾ ਤਾ ਇਸ ਦੇ ਪਾਲਣ ਪੋਸਣ ਦੀ ਲੋੜ ਹੀ ਕੀ ਰਹਿ ਜਾਂਦੀ ਹੈ ;

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥

(ਸੂਹੀ ਮਹਲਾ ੧)

ਬੁਧ ਜੀ ਨੇ ਘਰ ਦੇ ਸੁਖ ਤੇ ਭੋਗ ਛਡ ਦਿਤੇ ਸਨ ਪਰ ਕਠਨ ਤਪਸਾਧਨਾਂ ਤੋਂ ਬਾਅਦ ਉਨਾਂ ਨੂੰ ਅੰਦਰੋਂ ਅਵਾਜ਼ ਆਈ ਸੀ ਕਿ ਸਾਜ਼ ਬਹੁਤ ਕਸ ਦੇਣ ਨਾਲ ਜਿਥੇ ਰਾਗ ਛਿੜਦਾ ਨਹੀਂ ਉਥੇ ਇਸ ਦੀਆਂ ਤਾਰਾਂ ਢਿਲੀਆਂ ਛਡਣ ਨਾਲ ਵੀ ਇਹ ਖਤਮ ਹੀ ਹੋ ਜਾਂਦਾ ਹੈ । ਭਾਵ ਇਹ ਕਿ ਦਰਮਿਆਨਾ ਰਾਹ ਹੀ ਸੁਨਿਹਰੀ ਹੈ ਅਰਥਾਤ 'ਦੋਹਾਂ ਇੰਤਹਾਵਾਂ ਤੋਂ ਬਚਣਾ ਠੀਕ ਰਾਹ ਹੈ । ਨਿਰੋਏ ਸਰੀਰ ਨਾਲ ਜੀਵਣ ਵਿਚ ਸੁਆਦ ਹੈ, ਨਹੀਂ ਤਾਂ ਜੀਵਨ ਫਿਕਾ ਤੇ ਬੇਰਸਾ ਹੈ । ਦੂਜੇ ਪਾਸੇ ਜੇ ਮਨ, ਆਤਮਾ ਹੀ ਬੀਮਾਰ ਹਨ ਤਾਂ ਕੁਝ ਵੀ ਨਹੀਂ ਰਹਿ ਜਾਂਦਾ । ਸੋ ਸਰੀਰ, ਮਨ ਤੇ ਆਤਮਾ ਤਿੰਨੇ ਹੀ ਤੰਦਰੁਸਤ ਹੋਣ, ਇਰਾਦੇ ਤੇ ਜਜ਼ਬੇ ਸੁਲਝੇ ਹੋਏ ਹੋਣ ਅਤੇ ਆਤਮਾ ਤੋਂ ਪਿਆਰ, ਸਚ ਤੇ ਸੇਵਾ ਦੀ ਭਾਵਨਾਵਾਂ ਉਤਪੰਨ ਹੋਣ । ਇਸ ਤਰ੍ਹਾਂ ਜਗਤ ਨਾਲ ਪ੍ਰੇਮ ਦੀ ਸਾਂਝ ਬਣੇ, ਇਸ ਨਾਲ ਤੋੜ ਵਿਛੋੜ ਨਾ ਹੋਵੇ । ਜੀਵਨ ਦਾ ਮਨੋਰਥ ਤਾਂ ਆਖਰ ਇਸ ਦਿਸਦੇ ਪਿਸਦੇ ਸੰਸਾਰ ਅੰਦਰ ਵਰਤ ਰਹੀ

ਅੰਤਮ ਸਚਾਈ ਦੀ ਭਾਲ ਹੈ। ਉਸ ਸਚਾਈ ਦਾ ਪ੍ਰਕਾਸ਼ ਇਨਸਾਨੀ ਮਨਾਂ ਅੰਦਰ ਹੈ ਤੇ ਇਸ ਪ੍ਰਕਾਸ਼ ਨੂੰ ਸੰਸਾਰ ਦਾ ਅੰਗ ਹੋ ਕੇ ਵਧੇਰੇ ਠੀਕ ਤਰ੍ਹਾਂ ਵੇਖਿਆ ਜਾ ਸਕਦਾ ਹੈ ਸੋ ਗ੍ਰਿਹਸਤ ਤੋਂ ਭਜਨਾ ਤਾਂ ਬੁਨਿਆਦੀ ਗਲਤੀ ਹੋਈ, ਸਗੋਂ ਐਸੇ ਜੀਵਣ ਨੂੰ ਗੈਰ-ਕੁਦਰਤੀ, ਅਧੂਰਾ ਅਤੇ ਹਾਨੀਕਾਰਕ ਸਮਝਣਾ ਚਾਹੀਦਾ ਹੈ। ਸਾਡੇ ਆਪਣੇ ਇਸ ਸਮੇਂ ਦੇ ਇਕ ਮਹਾਨ ਯੋਗੀ, ਸ੍ਰੀ ਅਰੋਬਿੰਦੋ, ਜੋ ਯੋਗ ਸਾਧਨਾ ਦਵਾਰਾ ਹੀ ਅਧਿਆਤਮਕਤਾ ਦੀ ਟੀਸੀ ਤੇ ਪੁਜ ਸਕੇ ਸਨ, ਉਤਲੇ ਵਿਚਾਰ ਦੀ ਸਭ ਯੋਗੀਆਂ ਲਈ ਗਵਾਹੀ ਛਡ ਗਏ ਹਨ। ਯੋਗੀ ਹੋਣ ਦੇ ਨਾਤੇ ਉਹਨਾਂ ਆਪਣੇ ਤਜਰਬੇ ਦੇ ਅਧਾਰ ਤੇ ਇਉਂ ਸਿਟਾ ਕਢਿਆ ਸੀ : 'ਪੁਰਾਣੀ ਯੋਗ ਪ੍ਰਣਾਲੀ ਅਧਿਆਤਮਕਤਾ ਅਤੇ ਜੀਵਨ ਵਿਚਾਲੇ ਏਕਤਾ ਨਹੀਂ ਲਿਆ ਸਕੀ। ਇਸ ਸੰਸਾਰ ਨੂੰ ਮਾਇਆ ਆਖ ਕੇ ਇਸ ਵਲੋਂ ਅਪਣਾ ਧਿਆਨ ਹੀ ਹਟਾ ਲਿਆ ਸੀ। ਸਿਟਾ ਇਹ ਹੋਇਆ ਸੀ ਕਿ ਜੀਵਨ ਚੋਂ ਸ਼ਕਤੀ ਨਿਕਲਣੀ ਬੰਦ ਹੋ ਗਈ ਸੀ ਤੇ ਭਾਰਤ ਡਿਗਦਾ ਗਿਆ, ਗੀਤਾ ਵਿਚ ਦਸਿਆ ਗਿਆ ਹੈ-ਜੇ ਪ੍ਰਮਾਤਮਾ ਅਪਣੇ ਕੰਮ ਬੰਦ ਕਰ ਦੇਵੇ ਤਾਂ ਦੁਨੀਆਂ ਖਤਮ ਹੋ ਜਾਏ। ਇਸ ਗਲ ਦਾ ਪ੍ਰਤਖ ਨਿਰਨਾ ਭਾਰਤ ਵਿਚ ਹੀ ਹੋ ਗਿਆ ਹੋਇਆ ਹੈ। ਏਥੇ ਕੁਝ ਸੰਨਿਆਸੀ, ਬੈਰਾਗੀ, ਸਾਧੂ ਅਤੇ ਸਿਧ ਨਿਰਸੰਦੇਹ ਆਤਮ-ਪੂਰਣਤਾ ਪ੍ਰਾਪਤ ਕਰਕੇ ਮੁਕਤ ਹੋ ਸਕਣਗੇ। ਕੁਝ ਹਰੀ ਦੀ ਡੂੰਘੀ ਪ੍ਰੇਮ ਭਾਵਨਾ ਦੁਆਰਾ ਮਹਾਂ ਅਨੰਦ ਦੇ ਹੁਲਾਰੇ ਵਿਚ ਨਾਚ ਵੀ ਕਰ ਸਕਣਗੇ ਪਰ ਸਹੀ ਰੋਸ਼ਨੀ ਤੋਂ ਬਿਨਾਂ ਸਮਾਜ ਕਮਜ਼ੋਰ ਹੋ ਜਾਏਗਾ, ਜਨਤਾ ਹਨੇਰੇ ਤੇ ਆਲਸ ਦੇ ਤਮੋ ਗੁਣ ਵਿਚ ਡੁਬ ਜਾਏਗੀ। ਦਸੋ, ਇਹ ਕਾਹਦੀ ਮੁਕਤੀ ਹੈ ?' ਇਹ ਹੈ ਤਸਦੀਕ ਇਕ ਯੋਗੀ ਦੇ ਮੂਹੋਂ, ਉਸ ਸੋਧ ਦੀ ਜੋ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਸਮਾਜ ਨੂੰ ਦਿਤੀ ਹੋਈ ਹੈ। ਗੁਰੂ ਸਾਹਿਬ ਸਮਾਜ ਨੂੰ ਐਸਾ ਜੀਵਨ ਦੇਣਾ ਚਾਹੁੰਦੇ ਸਨ ਜੋ ਗ੍ਰਿਹਸਤ ਵਿਚ ਤਾਂ ਪਾਂਦਾ ਹੈ ਪਰ ਨਾਲ ਮੋਹ ਮਾਇਆ ਅਤੇ ਹਉਮੈਂ ਦਾ ਤਿਆਗੀ ਬਣਾਦਾ ਹੈ। ਜੋ ਨਿਰਾ ਗ੍ਰਿਹਸਤੀ ਹੈ ਉਹ ਮਾਇਕੀ ਪਦਾਰਥਾਂ ਨੂੰ ਹੀ ਸਭ ਕੁਝ ਸਮਝ ਕੇ ਉਹਨਾਂ ਦਾ ਗੁਲਾਮ ਹੋ ਜਾਂਦਾ ਤੇ ਜੀਵਨ ਗੈਰ-ਕੁਦਰਤੀ ਬਣਾ ਲੈਂਦਾ ਹੈ। ਪਦਾਰਥਾਂ ਨੂੰ ਭੋਗਦਾ ਭੋਗਦਾ ਉਹ ਆਪ ਭੋਗਿਆ ਜਾਂਦਾ ਹੈ। ਦੂਜੇ ਪਾਸੇ ਸੰਸਾਰ-ਤਿਆਗ ਪੂਰਨ ਜੀਵਨ ਦਾ ਤਜੱਰਬਾ ਹੀ ਨਹੀਂ। ਇਹ ਮੂਲੋਂ ਹੀ ਗ਼ਲਤ ਹੈ, ਗੈਰ-ਕੁਦਰਤੀ ਹੈ ਤੇ ਕਠਨ ਹੈ। ਇਹ ਅਕਸਰ ਆਪਣੇ ਆਪ ਨਾਲ ਵੀ ਧੋਖਾ ਹੈ, ਤੇ ਤਿਆਗ ਦੀ ਅੰਦਰਲੀ ਬੁਰਾਈ

ਆਸਨੀ ਨਾਲ ਜਾਂਦੀ ਹੀ ਨਹੀਂ। ਜੇ ਬੁਰਾਈ ਦੀ ਜੜ੍ਹ ਅੰਦਰ ਹੀ ਟਿਕੀ ਰਹਿਣੀ ਹੈ ਤਾਂ ਜੰਗਲਾਂ ਦਾ ਵਾਸਾ ਕਿਸ ਕੰਮ। ਮਸਲਨ ਮੋਹ ਦੀ ਅੰਸ ਹਰ ਥਾਂ ਹੀ ਅਪਣੇ ਚਮਤਕਾਰ ਵਿਖਾਂਦੀ ਰਹਿੰਦੀ ਹੈ। ਜੋ ਗ੍ਰਿਹਸਤੀ ਇਸ ਦਾ ਪ੍ਰਗਟਾਵਾ ਅਪਣੇ ਪਰਿਵਾਰ ਵਿਚ ਕਰਦੇ ਹਨ ਤਾਂ ਤਿਆਗੀ ਅਪਣੇ ਚੇਲਿਆਂ ਜਾਂ ਜੰਗਲ ਦੇ ਪੰਛੀਆਂ ਵਿਚ ਹੀ ਕਰ ਲੈਂਦੇ ਹਨ। ਇਸੇ ਤਰ੍ਹਾਂ ਕਾਮ, ਕ੍ਰੋਧ ਤੇ ਹੰਕਾਰ ਆਦਿਕ ਦੀਆਂ ਪਕੜਾਂ ਵੀ ਬੜੀਆਂ ਪਰਬਲ ਹੁੰਦੀਆਂ ਹਨ, ਜਿਨਾਂ ਤੇ ਕਾਬੂ ਪਾਣਾ ਮੁਸ਼ਕਲ ਹੁੰਦਾ ਹੈ ਭਾਵੇਂ ਕੋਈ ਕਿਤੇ ਵੀ ਹੋਵੇ :

'ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।'

(ਮਾਰੂ ਮਹਲਾ ੧)

ਫਿਰ ਹੋਰ :

'ਇਕ ਬਿੰਦ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ।
ਬਿਨੁ ਗੁਰ ਸ਼ਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥'

(ਆਸਾ ਮਹਲਾ ੧)

ਫਿਕਰਾਂ ਤੋਂ ਖਲਾਸੀ ਦਾ ਇਲਾਜ ਇਕੋ ਹੈ ਤੇ ਇਹ ਹਰ ਕਿਸੇ ਨੂੰ ਸੰਸਾਰੀ ਹੋ ਕੇ ਕਰਨਾ ਚਾਹੀਦਾ ਹੈ :

'ਸਚਿ ਸਿਮਰੀਐ ਹੋਵੈ ਪ੍ਰਗਾਸ ॥ ਤਾਂ ਤੇ ਬਿਖਿਆ ਮਹਿ ਰਹੈ ਉਦਾਸੁ ॥
ਸਤਿਗੁਰ ਕੀ ਐਸੀ ਵਡਿਆਈ। ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।'

(ਧਨਾਸਰੀ ਮਹਲਾ ੧)

ਸਚੇ ਹਰੀ ਦੇ ਚਾਨਣੇ ਵਿਚ ਤੁਰਨ ਦੀ ਲੋੜ ਹੈ. ਨਹੀਂ ਤਾਂ ਅੰਦਰੋਂ ਉਠਦੇ ਤਰੰਗਾਂ ਨੂੰ ਤਸਲੀ ਨਾਲ ਕਿਵੇਂ ਮੁਕਾਇਆ ਜਾ ਸਕਦਾ ਹੈ ? ਮਨ ਦੀਆ ਭੁਖਾਂ, ਤ੍ਰੇਹਾਂ, ਖਾਹਿਸ਼ਾਂ, ਸੁਪਨੇ, ਸੁਖ ਤੇ ਦੁਖ ਕਿੰਨੇ ਕੂ ਹਨ ? ਕੀ ਮਨ ਮਾਰਨ ਤੇ ਆਪਾ ਵਸ ਕਰਨ ਲਈ ਪੂਜਾ ਪਾਠ ਕਰਮ ਕਾਂਡ, ਧਿਆਨ ਤੇ ਸਮਾਧੀਆਂ ਆਦਿ ਕਈ ਯਤਨ ਨਹੀਂ ਹੁੰਦੇ ਰਹੇ ਤੇ ਕੀ ਫਿਰ ਵੀ ਆਪਾ ਕਈ ਸ਼ਕਲਾਂ ਵਿਚ ਮੁੜ ਵਾਪਸ ਨਹੀਂ ਆ ਜਾਂਦਾ ? ਕੀ ਇਹ ਫਰਜ਼ ਕੀਤਾ ਜਾ ਸਕਦਾ ਹੈ ਕਿ ਸੰਸਾਰ-ਤਿਆਗ ਨਾਲ ਆਪੇ ਦੀ ਪੀੜ ਤੋਂ ਪਕਾ ਛੁਟਕਾਰਾ ਮਿਲ ਜਾਂਦਾ ਹੈ ? ਹੋ ਸਕਦਾ ਹੈ ਕਿ ਇਹ ਆਪੇ ਤੋਂ ਆਰਜ਼ੀ ਤੌਰ ਤੇ ਲਾਂਭੇ

ਭਜਨਾ ਹੀ ਹੋਵੇ, ਉਸ ਵਲੋਂ ਅਖਾਂ ਮੀਟ ਛਡਨਾ ਹੀ ਹੋਵੇ, ਜਾਂ ਉਸ ਤੋਂ ਡਰਨਾ ਹੀ ਹੋਵੇ, ਨਾ ਕਿ ਉਸ ਨਾਲ ਦੋ ਹਥ ਕਰਨਾ, ਜਿੰਨਾਂ ਚਿਰ ਸੰਸਾਰ ਅੰਦਰ ਸੰਸਾਰੀ ਹੋ ਕੇ ਉਸ ਦੀਆਂ ਦੌੜਾਂ ਦੀ ਦੇਖ ਭਾਲ ਨਾ ਕੀਤੀ ਜਾਏ। ਜੀਵਨ ਮਾਨੋ ਇਕ ਕਿਤਾਬ ਹੈ। ਜੇ ਇਸ ਨੂੰ ਪੜ੍ਹਨਾ ਹੈ ਤਾਂ ਇਸ ਦੇ ਸਭ ਅਖਰਾਂ ਤੇ ਨਿਸ਼ਾਨਾ ਦਾ ਪਤਾ ਕਰਨਾ ਹੋਵੇਗਾ। ਇਸ ਤੋਂ ਪਰੇ ਹਟ ਜਾਣ ਨਾਲ ਇਸ ਦੀਆਂ ਤਰੁਟੀਆਂ ਸਬੂਤੀਆਂ ਕਿਵੇਂ ਦਿਸਣਦੀਆਂ? ਇਸ ਲਈ ਇਹ ਤਿਆਗ ਗ੍ਰਿਹਸਤ ਨਾਲੋਂ ਵਧੇਰੇ ਚੰਗਾ ਕਿਵੇਂ? ਗ੍ਰਿਹਸਤ ਇਕ ਐਸਾ ਸਕੂਲ ਹੈ ਜਿਥੇ ਸੁਤੇ ਹੀ ਕਈ ਗੁਣ ਸਿਖ ਲਈਦੇ ਹਨ। ਗ੍ਰਿਹਸਤ ਵੜਦਿਆ ਹੀ ਕੁਰਬਾਣੀ, ਸੇਵਾ ਤੇ ਪਿਆਰ ਆਪ ਮੁਹਾਰੇ ਹੀ ਸਿਖੀਦੇ ਹਨ ਜਿਨਾਂ ਤੋਂ ਤਿਆਗੀ ਵਿਰਵਾ ਰਹਿੰਦਾ ਹੈ। ਮਾ ਦੀ ਕੁਰਬਾਣੀ, ਪਿਆਰ, ਤਿਆਗ ਤੇ ਸੇਵਾ ਦੀ ਕੌਣ ਰੀਸ ਕਰ ਸਕਦਾ ਹੈ? ਭੈਣ, ਭਰਾ, ਇਸਤ੍ਰੀ, ਪਤੀ ਦੇ ਪ੍ਰਸਪਰ ਪਿਆਰ ਪ੍ਰਗਟਾਵੇ ਤੇ ਕੁਰਬਾਣੀਆਂ ਕਿਤਨੀਆਂ ਮਹਾਨ ਚੀਜ਼ਾਂ ਹਨ? ਗ੍ਰਿਹਸਤ ਅੰਦਰ ਕਿਰਤ ਕਮ ਈ, ਕਰਦਿਆਂ ਕਿਤਨਾ ਉਦਮ ਆਂਵਦਾ ਹੈ, ਪ੍ਰਸਪਰ ਮੇਲ ਮਿਲਾਪ, ਪ੍ਰੇਮ ਪਿਆਰ ਉੱਪਜਦਾ ਹੈ, ਸਾਂਝਾਂ ਬਨਦੀਆਂ ਹਨ ਤੇ ਇਕ ਦੂਜੇ ਦੀ ਸਹਾਇਤਾ ਦੇ ਅਵਸਰ ਮਿਲਦੇ ਹਨ। ਇਸ ਦੇ ਉਲਟ ਤਿਆਗੀਆਂ ਦੇ ਅਕਸਰ ਦਿਲ ਠਰੇ ਹੋਏ ਹੁੰਦੇ ਹਨ। ਨ ਜੀਵਨ ਵਿਚ ਦਿਲਚਸਪੀ ਹੈ ਤੇ ਨ ਮਨੁੱਖ ਜਾਤੀ ਦੇ ਦੁਖ ਦਰਦ ਦੀ ਪੀੜ ਹੈ। ਇਹ ਠੀਕ ਹੈ ਕਿ ਗ੍ਰਿਹਸਤ ਦੀਆ ਵੀ ਅਪਨੀਆਂ ਬੁਰਾਈਆਂ ਕਈ ਹਨ। ਇਸ ਲਈ ਹੀ ਗੁਰੂ ਸਾਹਿਬ ਨੇ 'ਸਿਧ ਗੋਸ਼ਟਿ' ਦੀ ਬਾਣੀ ਅੰਦਰ ਜੋਗੀਆ ਦੇ ਇਕ ਪ੍ਰਸ਼ਨ ਦੇ ਉਤਰ ਵਿਚ ਸਹੀ ਗ੍ਰਿਹਸਤ ਦੀ ਤਸਵੀਰ ਵਿਖਾਈ ਸੀ। ਆਦਰਸ਼ਕ ਗ੍ਰਿਹਸਤੀ ਉਹ ਹੈ ਜੋ ਗ੍ਰਿਹਸਤ ਵਿਚ ਵੀ ਤਿਆਗੀ ਹੋ ਕੇ ਰਹਿੰਦਾ ਹੈ ਜਿਵੇਂ ਕਮਲ ਜਲ ਵਿਚ ਤੇ ਮੁਰਗਾਬੀ ਨਦੀ ਵਿਚ ਅਭਿਜ ਰਹਿੰਦੇ ਹਨ। ਇਸ ਗ੍ਰਿਹਵਤੀ ਨੂੰ ਉੱਦਾਸ-ਗ੍ਰਿਹਸਤੀ ਜਾਂ ਗ੍ਰਿਹਸਤੀ-ਉੱਦਾਸੀ ਕਹਿ ਸਕਦੇ ਹਾਂ, ਕਿਉਂ-ਕਿ ਉਸ ਨੂੰ ਤਿਆਗ ਤੇ ਕੁਰਬਾਣੀ ਦੇ ਰਾਹੇ ਪੈਣਾ ਪੈਦਾ ਹੈ। ਅਜੇਹੇ ਗ੍ਰਿਹਸਤੀ ਦੇ ਸਫਲ ਸਰੂਪ ਨੂੰ ਗੁਰੂ ਜੀ ਨੇ ਇਉਂ ਦਰਸਾਇਆ ਹੈ:

> ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮੁ ਭੀਖਿਆ ਕਰੈ॥
> ਪੁੰਨ ਦਾਨ ਕਾ ਕਰੇ ਸਰੀਰ। ਸੋ ਗਿ੍ਹੀ ਗੰਗਾ ਕਾ ਨੀਰ॥'

(ਰਾਮਕਲੀ ਦੀ ਵਾਰ ਸਲੋਕ ਮਹਲਾ ੧)

''ਗ੍ਰਿਹਸਤੀ ਉਹ ਹੈ ਜੋ ਗ੍ਰਿਹਸਤ ਵਿਚ ਰਹਿੰਦਾ ਹੋਇਆ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕ, ਹਰੀ ਤੋਂ ਜਪ,ਤਪ, ਸੰਜਮ ਦੀ ਭਿਖਿਆ ਮੰਗੇ ਤੇ ਅਪਨੇ ਸਰੀਰ ਅਰਥਾਤ ਸਾਰੇ ਜੀਵਨ ਨੂੰ ਹੀ ਪੁੰਨ ਦਾਨ ਵਾਲਾ ਬਣਾਏ। ਇਸ ਗ੍ਰਿਹਸਤੀ ਨੂੰ ਇਉ ਪਵਿਤ੍ਰ ਸਮਝਣਾ ਚਾਹੀਦਾ ਹੈ ਜਿਵੇਂ ਗੰਗਾ ਦਾ ਨੀਰ ਹੁੰਦਾ ਹੈ।'' ਤਿਵੇਂ ਹੀ ਉਦਾਸੀ ਦਾ ਸਹੀ ਸਰੂਪ ਇਹ ਹੈ :

'ਸੋ ਉਦਾਸੀ ਜੋ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥'

(ਰਾਮਕਲੀ ਕੀ ਵਾਰ ਸਲੋਕ ਮਹਲਾ ੧)

ਅਰਥਾਤ 'ਉਦਾਸੀ ਉਹ ਹੈ ਜੋ ਹਉਮੈ ਵਲੋਂ ਉਪਰਾਮ ਹੋ ਕੇ ਰਹਿੰਦਾ ਹੈ ਤੇ ਹਰੀ ਨੂੰ ਏਥੇ ਉਥੇ ਅਰਥਾਤ ਹਰ ਥਾਂ ਵਸਦਾ ਵੇਖ ਲੈਂਦਾ ਹੈ, (ਹਉਮੈ ਰਹਿਤ ਜੂ ਹੋਇਆ) ॥' ਫਿਰ ਹੋਰ ਸਪਸ਼ਟ ਕਰਦੇ ਹਨ :-

'ਨਾਨਕ ਬੋਲੈ ਅੰਮ੍ਰਿਤ ਬਾਣੀ ॥ ਸੁਣ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥'

(ਰਾਮਕਲੀ ਮਹਲਾ ੧)

ਅਰਥਾਤ, ''ਹੇ ਮਾਛਿੰਦ੍ਰਾ ਸੁਣ, ਵਿਰਕਤ ਦੀ ਪਛਾਣ ਇਹ ਹੈ ਉਸ ਦੇ ਬਚਨ ਅਮਰ ਕਰ ਦੇਣ ਵਾਲੇ ਹੁੰਦੇ ਹਨ, ਉਹ ਸੰਸਾਰ ਦੀਆਂ ਆਸਾਂ ਵਿਚ ਰਹਿੰਦਾ ਹੋਇਆ ਵੀ ਆਸਾ ਰਹਿਤ ਹੁੰਦਾ ਹੈ। ਇਸ ਲਈ, ਉਹ ਯਕੀਨਨ ਹਰੀ ਨੂੰ ਪ੍ਰਾਪਤ ਕਰ ਲੈਂਦਾ ਹੈ।' ਮੁਕਦੀ ਗਲ ਇਉ ਹੈ;

'ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ।'

(ਪ੍ਰਭਾਤੀ ਮਹਲਾ ੧)

ਅਰਥਾਤ 'ਜਿਸ ਨੇ ਗੁਰੂ ਦਵਾਰਾ ਆਪਣੇ ਆਪੇ ਨੂੰ ਪਛਾਣ ਲਿਆ ਹੈ ਉਹ ਅਸਲ ਗ੍ਰਿਹਸਤੀ ਹੈ ਤੇ ਉਹ ਅਸਲ ਤਿਆਗੀ ਹੈ, ਹਰ ਹਾਲਤ ਵਿਚ ਉਹ ਹਰੀ ਦਾ ਸੇਵਕ ਹੈ।'

ਗੁਰੂ ਜੀ ਦਾ ਸਾਰਾ ਬਲ ਇਸ ਗਲ ਤੇ ਹੈ ਕਿ ਗ੍ਰਿਹਸਤੀ ਜਾਂ ਉਦਾਸੀ ਸਫਲ ਓਹੀ ਹੈ ਜੋ ਦੁਖਾਂ, ਕਲੇਸ਼ਾਂ, ਤੇ ਬੰਧਨਾਂ ਤੋਂ ਆਜ਼ਾਦ ਹੋ ਗਿਆ ਹੈ ਤੇ ਸਭ ਜੀਵਾਂ ਵਿਚ ਹਰੀ ਨੂੰ ਵੇਖਦਾ ਹੈ ਤੇ ਸਭ ਦੀ ਸੇਵਾ ਵਿਚ ਲਗਦਾ ਹੈ।

ਏਥੋਂ ਤਕ ਰਹਾਉ ਦੇ ਪਹਿਲੇ ਬੰਦ ਦੇ ਅਧੇ ਹਿਸੇ ਦੀ ਹੀ ਵਿਆਖਿਆ ਹੋਈ ਹੈ। ਅਸੀਂ ਇਸ ਬੰਦ ਦੇ ਦੋ ਹਿਸੇ ਬਨਾਏ ਹਨ 'ਕਿਆ ਭਵੀਐ ਸਚਿ' ਅਤੇ 'ਸਚਿ ਸੁਚਾ ਹੋਇ'। ਅਸਾਂ ਸ਼ਬਦ 'ਸਚਿ' ਦੋਹਾਂ ਹਿਸਿਆਂ ਨਾਲ ਲਾਇਆ ਹੈ; ਗੁਰੂ ਸਾਹਿਬ ਦੀ ਸੰਕੁਚਵੀ ਸ਼ੈਲੀ ਦੀ ਇਹ ਇਕ ਉਦਾਹਰਨ ਹੈ ਕਿ ਦੋ ਖਿਆਲਾਂ ਨੂੰ ਕੇਵਲ ਪੰਜ ਹੀ ਸ਼ਬਦਾਂ ਵਿਚ ਪ੍ਰਗਟ ਕਰ ਦਿਤਾ ਗਿਆ ਹੈ। ਇਕ ਖਿਆਲ ਹੈ, ਸਚ ਤੀਕ ਅਪੜਨ ਲਈ ਬਾਹਰ ਭਟਕਨ ਦੀ ਲੋੜ ਨਹੀਂ। ਇਸ ਨਾਲ ਯੋਗੀਆਂ ਦੇ ਤਿਆਗ-ਸਿਧਾਂਤ ਦਾ ਖੰਡਨ ਕੀਤਾ ਗਿਆ ਹੈ। ਇਸ ਤੋਂ ਇਹ ਗਲ ਵੀ ਸੁਤੇ ਹੀ ਸਾਹਮਣੇ ਆ ਗਈ ਹੈ ਕਿ ਗੋਰਖ ਹਟੜੀ ਦੇ ਯੋਗੀਆਂ ਨੇ ਸਚ (ਈਸ਼ਵਰ) ਦੀ ਪ੍ਰਾਪਤੀ ਨੂੰ ਹੀ ਜੀਵਨ ਦਾ ਮਨੋਰਥ ਬਨਾਇਆ ਹੋਇਆ ਸੀ, ਭਾਵੇਂ ਉਹ ਸੰਸਾਰ ਤੋਂ ਲਾਂਭੇ ਹੋ ਕੇ ਹੀ ਇਸ ਦੀ ਪੂਰਤੀ ਕਰਦੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਹੈ ਕਿ ਘਰ ਬੈਠਿਆਂ ਵੀ ਸਚ ਤੀਕ ਅਪੜਿਆ ਜਾ ਸਕਦਾ ਹੈ, ਤੇ ਵਧੇਰਾ ਠੀਕ ਵੀ ਇਹੋ ਹੈ 'ਘਰ ਹੀ ਬੈਠਿਆਂ ਸਹੁ ਮਿਲੇ।' ਦੂਜਾ ਖਿਆਲ ਹੈ, ਸੁਚਾ ਹੋ ਕੇ ਹੀ ਸਚ ਤੀਕ ਅਪੜਿਆ ਜਾ ਸਕਦਾ ਹੈ। ਜਿਥੋਂ ਤਕ ਇਸ ਖਿਆਲ ਦਾ ਤਅਲਕ ਹੈ, ਇਸ ਨਾਲ ਯੋਗੀਆਂ ਤੇ ਗੁਰੂ ਜੀ ਵਿਚ ਕੋਈ ਮਤ ਭੇਦ ਨਹੀਂ ਸੀ। ਪਾਤੰਜਲੀ ਜੀ ਦੇ ਅਸ਼ਟਾਂਗ ਵਿਚ ਵੀ ਜਿਵੇਂ ਅਸੀਂ ਪਿਛੇ ਵੇਖ ਆਏ ਹਾਂ, ਸਦਾਚਾਰਕ ਜੀਵਨ ਨੂੰ ਸਭ ਤੋਂ ਪਹਿਲੀ ਥਾਂ ਦਿਤੀ ਗਈ ਹੈ। ਯਮ ਤੇ ਨਿਯਮ ਦੋਵੇ ਮਾਨਸਕ ਤੇ ਸਰੀਰਕ ਪਵਿਤ੍ਰਤਾ ਦੇ ਸਾਧਨ ਹਨ। ਜਿਵੇਂ ਹਰ ਪਹਲਵਾਣ ਜਾਣਦਾ ਹੈ ਕਿ ਸਰੀਰਕ ਸ਼ਕਤੀ ਵਧਾਣ ਲਈ ਪਹਲਾਂ ਕੁਝ ਸਰੀਰਕ ਕਸਰਤਾਂ ਦੀ ਚੰਗੀ ਮਸ਼ਕ ਕਰਨੀ ਹੁੰਦੀ ਹੈ, ਤਿਵੇਂ ਆਤਮ-ਮੰਡਲ ਵਿਚ ਦਾਖਲ ਹੋਣ ਲਈ ਆਤਮ ਸ਼ਕਤੀ ਬਣਾਣੀ ਹੁੰਦੀ ਹੈ, ਜੋ ਮਨ ਦੀ ਪਵਿਤ੍ਰਤਾ ਤੋਂ ਉਪਜਦੀ ਹੈ। ਈਸਾ ਜੀ ਨੇ ਠੀਕ ਹੀ ਕਹਿਆ ਸੀ: 'ਮੁਬਾਰਕ ਹਨ ਉਹ ਜੋ ਦਿਲ ਦੇ ਪਵਿਤ੍ਰ ਹਨ, ਕਿਉਂਕਿ ਉਹ ਰਬ ਨੂੰ ਵੇਖ ਸਕਣਗੇ।' ਗੀਤਾ ਵਿਚ ਵੀ ਇਹੋ ਗਲ ਇਉਂ ਆਖੀ ਗਈ ਹੈ: 'ਆਤਮ ਪ੍ਰਕਾਸ਼ ਲਈ, ਸਚ, ਪ੍ਰਾਸਚਿਤ, ਠੀਕ ਸੂਝ ਅਤੇ ਪਵਿਤ੍ਰਤਾ ਚਰੂਰੀ ਸ਼ਰਤਾਂ ਹਨ। ਜੇ ਇਹ ਪੂਰੀਆਂ ਹੋ ਜਾਣ ਤਾਂ ਹੀ ਸਚਾ ਹਰੀ ਅੰਤਰਆਤਮੇ ਪ੍ਰਕਾਸ਼ਮਾਨ ਹੋ ਸਕਦਾ ਹੈ। ਜਿਨ੍ਹਾਂ ਜਗਿਆਸੂਆਂ ਨੇ ਆਪਨੇ ਆਪ ਨੂੰ ਪਾਪ ਤੋਂ ਅਜ਼ਾਦ ਕਰ ਲਿਆ ਹੈ ਉਹਨਾਂ ਨੂੰ ਹੀ ਇਹ ਪ੍ਰਕਾਸ਼ ਹੋਵਗਾ।' ਯੋਗੀਆਂ ਨੂੰ ਵੀ ਇਸ ਗਲ ਦਾ ਚੰਗੀ ਤਰਾਂ ਪਤਾ ਹੈ ਕਿ ਸੁਚਾ ਹੋ ਕੇ ਹੀ ਸਚ ਦੇ ਰਾਹੇ

ਪਈਦਾ ਹੈ । ਫਿਰ ਵੀ ਗੁਰੂ ਜੀ ਨੇ ਇਸ ਬੁਨਿਆਦੀ ਗਲ ਨੂੰ ਉਹਨਾਂ ਦੇ ਮੂਹਰੇ ਲਿਆਣਾਂ ਉਚਿਤ ਸਮਝਿਆ ਹੈ । ਇਕ ਇਸ ਲਈ ਕਿ, ਜਿਵੇਂ ਉਪਰ ਪੜਚੋਲ ਕੀਤੀ ਜਾ ਚੁਕੀ ਹੈ, ਇਸ ਦਾ ਪਹਲੇ ਹਿਸੇ ਦੀ ਵਿਆਖਿਆ ਨਾਲ ਸਬੰਧ ਹੈ ਤੇ ਦੂਜਾ ਇਸ ਲਈ ਕਿ ਸਾਰੇ ਯੋਗੀ ਇਕੋ ਤਰਾਂ ਨਹੀਂ ਸੋਚਦੇ । ਅਕਸਰ ਧਰਮੀ ਲੋਕ ਇਸ ਬੁਨਿ-ਆਦੀ ਗਲ ਨੂੰ ਵਿਸਾਰ ਹੀ ਛਡਦੇ ਹਨ । ਧਰਮ ਦੇ ਬਾਹਰਲੇ ਭੇਖ, ਚਿੰਨ ਜਾਂ ਪਹਰਾਵੇ ਨੂੰ ਵਧੇਰਾ ਜ਼ਰੂਰੀ ਸਮਝਨ ਲਗ ਪੈਂਦੇ ਹਨ । ਇਹੋ ਕਾਰਨ ਹੈ ਕਿ ਗੁਰੂ ਜੀ ਨੂੰ ਥਾਂ ਥਾਂ ਇਸੇ ਗਲ ਨੂੰ ਬਾਰ ਬਾਰ ਕਹਿਣਾ ਪੈਂਦਾ ਸੀ । 'ਸਿਧ ਗੋਸਟਿ' ਦੇ ਅੰਦਰ ਜਾ ਕੇ ਅਸੀਂ ਵੇਖਾਂਗੇ ਕਿ ਗੋਰਖ ਹਟੜੀ ਦੇ ਇਕ ਯੋਗੀ ਨੇ ਵੀ ਗੁਰੂ ਜੀ ਨੂੰ ਇਹ 'ਮਸ਼ਵਰਾ' ਦਿਤਾ ਸੀ ਕਿ ਉਹ ਮੁੰਦਾਂ, ਝੋਲੀ ਤੇ ਖਿੰਥਾ ਆਦਿਕ ਧਾਰਨ ਕਰਕੇ ਯੋਗੀ ਹੋ ਜਣ । ਇਸ ਦੇ ਉਤਰ ਵਿਚ ਗੁਰੂ ਸਾਹਿਬ ਨੇ ਧਰਮ ਦਾ ਅਸਲ ਮਨੋਰਥ ਦਸਿਆ ਸੀ ਤਾਂ ਜੋ ਹੋਰ ਸਾਧਨ ਸਾਧਦਿਆਂ ਹੋਇਆ ਇਹ ਮਨੋਰਥ ਅਖੋ ਉਹਲੇ ਨ ਹੋ ਜਾਏ ਜਾ ਧੁੰਦਲਾ ਨ ਹੋ ਜਾਏ । ਉਹਨਾਂ ਕਾਮ, ਕ੍ਰੋਧ, ਹੰਕਾਰ ਅਦਿਕ ਦੇ ਤਿਆਗਨ ਦੀਆਂ ਗਲਾਂ ਬਾਹਰਲੇ ਧਾਰਮਕ ਚਿੰਨਾਂ ਨਾਲ ਜੋੜ ਦਿਤੀਆਂ ਸਨ । ਹੋਰ ਥਾਵਾਂ ਤੇ ਵੀ ਉਹਨਾਂ ਯੋਗ-ਮਤ ਦੇ ਧਾਰਮਕ ਚਿੰਨਾਂ ਨੂੰ ਇਉਂ ਹੀ ਵੇਖਿਆ ਸੀ :

> 'ਮੁੰਦਾ ਸੰਤੋਖੁ, ਸਰਮ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤ ॥
> ਖਿੰਥਾ ਕਾਲ, ਕੁਆਰੀ ਕਾਇਆ ਜੁਗਤਿ, ਡੰਡਾ ਪਰਤੀਤ ॥

ਏਸੇ ਤਰਾਂ ਹਿੰਦੂਆਂ ਤੇ ਮੁਸਲਮਾਣਾਂ ਦੇ ਧਾਰਮਕ ਚਿੰਨਾਂ ਨੂੰ ਉਹਨਾਂ ਸਦਾ ਏਸੇ ਹੀ ਨਜ਼ਰ ਨਾਲ ਵੇਖਿਆ ਸੀ । ਮਸਲਨ ਤਿਲਕ ਜੰਝੂ ਬਾਬਤ ਉਹ ਇਉਂ ਬੋਲੇ ਸੀ :

> 'ਤਗੁ ਨ ਇੰਦ੍ਰੀ ਤਗੁ ਨ ਨਾਰੀ- ਅਤੇ
> ਵੇਤਗਾ ਆਪੇ ਵਤੈ ਵਟਿ ਧਾਗੇ ਅਵਰਾ ਘਤੈ ॥'

(ਆਸਾ ਮਹਲਾ ੧)

ਅਤੇ

> 'ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ।'

(ਆਸਾ ਮਹਲਾ ੧)

ਮੁਸਲਮਾਣਾਂ ਪ੍ਰਥਾਇ "ਮਿਹਰ ਮਸੀਤ, ਸਿਦਕ ਮੁਸਲਾ ਹਕ ਹਲਾਲ ਕੁਰਾਣ', ਦਸ

ਕੇ ਉਸੇ ਹੀ ਬੁਨਿਆਦੀ ਗਲ ਨੂੰ ਦੁਹਰਾਇਆ ਗਿਆ ਸੀ । ਗੁਰੂ ਸਾਹਿਬ ਮੁੰਦ੍ਰਾਂ, ਖਿੰਥਾਂ, ਡੰਡਾ ਤੇ ਝੋਲੀ ਆਦਿਕ ਧਾਰਨ ਕਰਨ ਦੇ ਵਿਰੁਧ ਨਹੀਂ ਸਨ ਤੇ ਨਾ ਹੀ ਉਹ ਤਿਲਕ ਜੰਞੂ ਲਾਹਣਾ ਚਾਹੁੰਦੇ ਸਨ । ਇਹ ਚੀਜ਼ਾਂ ਅਪਣੇ ਥਾਂ ਤੇ ਚੰਗੀਆਂ ਵੀ ਹੋ ਸਕਦੀਆਂ ਹਨ ਤੇ ਬੇਲੋੜੀਆਂ ਵੀ । ਜੇ ਇਹ ਕਿਸੇ ਅੰਦਰ ਦੇ ਸੁੰਦਰ ਜੀਵਨ ਦੇ ਲਖਾਇਕ ਬਨਣ ਜਾਂ ਉਸ ਜੀਵਨ ਨੂੰ ਬਨਾਣ ਵਿਚ ਸਹਾਇਤਾ ਕਰਨ ਤਾਂ ਇਹ ਮੁਬਾਰਕ ਹਨ । ਮਿਸਾਲ ਦੇ ਤੌਰ ਤੇ ਜੇ ਬਾਹਰਲਾ ਸਿਖੀ ਪਹਿਰਾਵਾ ਸਿਖੀ ਨਾਲ ਜੋੜਨ ਦਾ ਉਸੇ ਤਰ੍ਹਾਂ ਸਾਧਨ ਬਣੇ ਜਿਵੇਂ ਭਾਈ ਮਨੀ ਸਿੰਘ ਵਰਗੀ ਮਹਾਨ ਸ਼ਖਸੀਅਤ ਦੀ ਹਾਲਤ ਵਿਚ ਬਣਿਆ ਸੀ ਤਾਂ ਇਹ ਰਬ ਦੀ ਮੇਹਰ ਦੀ ਨਿਸ਼ਾਨੀ ਹੈ । ਭਾਈ ਜੀ ਨੂੰ ਅੰਦਰਲੀ ਸਿਖੀ ਪਿਆਰੀ ਸੀ, ਇਸ ਲਈ ਸਿਖੀ ਦੀ ਬਾਹਰਲੀ ਰਹਿਤ ਵੀ ਪਿਆਰੀ ਸੀ । ਉਹ ਰਹਿਤ ਵਿਚੋਂ ਸਿਖੀ ਨਹੀਂ ਕਢਦੇ ਸਨ, ਸਗੋਂ ਸਿਖੀ ਵਿਚੋਂ ਰਹਿਤ ਦਾ ਪਿਆਰ ਕਢਦੇ ਸਨ; ਇਹ ਰਹਿਤ ਉਨ੍ਹਾਂ ਦੀ ਅਸਲ ਸਿਖੀ ਦਾ ਬਾਹਰ ਇਕ ਪ੍ਰਗਟਾਵਾ ਸੀ । ਕੇਸ ਉਹਨਾਂ ਨੂੰ ਜਾਨ ਨਾਲੋਂ ਵਧ ਪਿਆਰੇ ਇਸ ਲਈ ਸਨ ਕਿਉਂਕਿ ਇਹ ਗੁਰੂ ਨਾਲ ਤੇ ਇਸ ਲਈ ਸਚ, ਨੇਕੀ ਤੇ ਧਰਮ ਨਾਲ ਜੋੜਨ ਦਾ ਸਾਧਨ ਬਣੇ ਹੋਏ ਸਨ । ਗੁਰੂ ਜੀ ਨੇ ਪੰਡਿਤ ਹਰਿਦਿਆਲ ਨੂੰ ਅੰਦਰਲੇ ਜਨੇਊ ਦੀ ਮਹਾਨਤਾ ਦਸ ਕੇ ਇਉਂ ਵੰਗਾਰਿਆ ਸੀ :

'ਇਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ।'

ਇਹ ਜਨੇਊ 'ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟ' ਦੁਆਰਾ ਬਨਦਾ ਸੀ ਪਰ ਜੇ ਇਹ ਅੰਦਰਲਾ ਜਨੇਊ ਪੰਡਤ ਨੇ ਗਲ ਨਹੀਂ ਪਾਇਆ ਤਾਂ ਇਹ ਬਾਹਰਲਾ ਜਨੇਊ ਧਾਗਾ ਹੀ ਰਹਿ ਜਾਂਦਾ ਹੈ । ਭਾਈ ਮਨੀ ਸਿੰਘ ਜੀ ਨੇ 'ਜੀਅ ਕੀ' ਰਹਿਤ ਦਾ ਅਰਥ ਸਮਝ ਲਿਆ ਹੋਇਆ ਸੀ । ਮੁਖ ਲੋੜ ਤਾਂ ਅੰਦਰਲੇ ਅਧਿਆਤਮਕ ਜੀਵਨ ਦੀ ਹੁੰਦੀ ਹੈ । ਜੇ ਇਹ ਹੋ ਜਾਏ ਤਾਂ ਬਾਹਰਲੀ ਸਿਖੀ ਆਪੇ ਹੀ ਤਕੜੀ ਹੋਈ ਰਹਿੰਦੀ ਹੈ ਕਿਉਂਕਿ ਮੁੜ ਇਹ ਅੰਦਰਲੀ ਸਿਖੀ ਦੀ ਜ਼ਾਮਣ ਬਨਣਾ ਚਾਹੁੰਦੀ ਹੈ । ਪਰ ਨਿਰੀ ਬਾਹਰਲੀ ਸਿਖੀ ਤੋਂ ਅੰਦਰਲੀ ਸਿਖੀ ਕਢਣ ਦਾ ਯਤਨ ਮੁਢ ਤੋਂ ਹੀ ਗਲਤ ਹੈ ਤੇ ਇਸ ਲਈ ਸਫਲ ਵੀ ਨਹੀਂ ਹੋ ਸਕਦਾ । ਮਹਾਰਾਜ ਨੇ ਯੋਗੀਆ ਨੂੰ ਸਪਸ਼ਟ ਕਹਿਆ ਸੀ :

'ਅਧਿਆਤਮ ਕਰਮ ਕਰੇ ਤਾਂ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿਧਾਰੈ ॥ ਰਹਾਉ ॥
ਜਿਸ ਕੈ ਅੰਤਰਿ ਸਾਚਿ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥

(ਗਉੜੀ ਮਹਲਾ ੧)

ਕਿਸੇ ਮਨੁੱਖ ਦੇ ਧਾਰਮਕ ਹੋਣ ਦੀ ਨਿਸ਼ਾਨੀ ਇਹੋ ਹੈ । ਜੇ ਇਸ ਮਾਪ ਨਾਲ ਕੋਈ ਪੂਰਾ ਉਤਰਦਾ ਹੈ ਤਾਂ ਉਹ ਧਰਮੀ ਹੈ । ਜੇ ਇਸ ਮਾਪ ਨੂੰ ਸਾਰੇ ਧਰਮੀ ਲੋਕ ਅਪਣੇ ਸਾਹਮਣੇ ਰਖ ਲੈਣ ਤਾਂ ਧਰਮਾਂ ਦੇ ਪ੍ਰਸਪਰ ਵਖੇਵੇਂ ਹੀ ਮਿਟ ਜਾਣ । ਇਸ ਲਈ ਗੁਰੂ ਜੀ ਦਾ ਰਹਾਉ ਦੀ ਤੁਕ ਵਿਚ ਪਵਿਤ੍ਰਤਾ ਤੇ ਜ਼ੋਰ ਦੇਣਾ ਉਹਨਾਂ ਦੀ ਦੂਰ-ਦਰਸ਼ੀ ਸੂਝ ਬੂਝ ਨੂੰ ਪ੍ਰਗਟ ਕਰਦਾ ਹੈ ।

ਇਸ ਸਬੰਧ ਵਿਚ ਇਕ ਗਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਜੋ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦੇ ਹਾਂ ਤੇ ਉਹ ਇਸ ਲਈ ਵੀ ਕਿ ਇਹ 'ਸਿਧ ਗੋਸ਼ਟਿ' ਨੂੰ ਸਮਝਨ ਸਮਝਾਨ ਵਿਚ ਸਹਾਇਕ ਹੋਏਗੀ । ਗੁਰੂ ਜੀ ਦਾ ਇਕ ਆਪਣਾ ਤਰੀਕਾ ਹੈ ਜਿਸ ਨੂੰ ਉਹ ਧਾਰਮਕ ਸਿਧਾਂਤ ਦੇ ਖੋਹਲਣ ਵਿਚ ਖੁਲ ਕੇ ਵਰਤਦੇ ਸਨ । ਉਹਨਾਂ ਦੇ ਸਾਹਮਣੇ ਜਦ ਕੋਈ ਮਸਲਾ ਹੁੰਦਾ ਸੀ ਤਾਂ ਪਹਿਲਾਂ ਉਹ ਉਸ ਮਸਲੇ ਦੀ ਗਹਿਰਾਈ ਤਕ ਜਾਂਦੇ ਸਨ ਤੇ ਉਸ ਦੇ ਅੰਦਰ ਜੋ ਬੁਨਿਆਦੀ ਖਾਮੀ ਹੁੰਦੀ ਸੀ, ਵੇਖ ਲੈਂਦੇ ਸਨ । ਫਿਰ ਉਹ ਬੇਲੋੜੀਆਂ ਤੇ ਕਵੱਲੀਆਂ ਬਹਸਾ ਵਿਚ ਨਹੀਂ ਸਨ ਪੈਂਦੇ, ਕੇਵਲ ਉਸ ਖਾਮੀ ਨੂੰ ਆਪਣੇ ਨਿਰਾਲੇ ਪਰ ਨਿਮਰਤਾ ਭਰਪੂਰ ਤਰੀਕੇ ਨਾਲ ਸਾਹਮਣੇ ਲੈ ਆਂਵਦੇ ਸਨ । ਮਸਲਨ, ਉਪਰ ਆਇਆ ਹੈ, ਧਰਮ ਦੀ ਬੁਨਿਆਦ ਪਵਿਤ੍ਰਤਾ ਹੈ । ਮੁੰਦ੍ਰਾਂ ਤੇ ਬਿਭੂਤ, ਤਿਲਕ ਤੇ ਜੰਞੂ, ਤਸਬੀ ਤੇ ਮਾਲਾ ਆਦਿਕ ਬੇਸ਼ਕ ਕੋਈ ਧਾਰਨ ਕਰ ਲਏ, ਪਰ ਜੇ ਇਹ ਧਰਮ ਦੇ ਚਿੰਨ ਨਹੀਂ ਬਣਦੇ ਤੇ ਰਸਮੀ ਜਾਂ ਵਿਖਾਲਾ ਹੋ ਕੇ ਰਹਿ ਜਾਂਦੇ ਹਨ ਤਾਂ ਇਹ ਬੇਅਰਥ ਹੋ ਜਾਂਦੇ ਹਨ । ਗੁਰੂ ਜੀ ਨੇ ਜਦ ਇਹੋ ਗਲ ਪ੍ਰਗਟ ਕਰਨੀ ਹੁੰਦੀ ਸੀ ਤਾਂ ਉਹ ਬਾਹਰਲੇ ਧਾਰਮਕ ਚਿੰਨ੍ਹਾਂ ਨੂੰ ਨਿੰਦਨ ਦੀ ਥਾਂ ਇਨ੍ਹਾਂ ਚਿੰਨ੍ਹਾਂ ਨੂੰ ਸਦਾਚਾਰਕ ਜੀਵਨ ਦੇ ਬਸਤ੍ਰ ਪੁਆ ਦਿੰਦੇ ਸਨ । ਇਸੇ ਤਰ੍ਹਾਂ ਹੀ ਜੋਗੀਆਂ ਦੀਆਂ ਤਾੜੀਆਂ, ਤੀਰਥ ਇਸ਼ਨਾਨ ਤੇ ਦੇਸ਼ਾਂਤਰ ਦੇ ਰਮਣ, ਮੁਸਲਮਾਣਾਂ ਦੇ ਰੋਜ਼ੇ ਤੇ ਨਿਮਾਜ਼ਾਂ ਅਤੇ ਹਿੰਦੂਆਂ ਦੇ ਰਸਮੀ ਪੂਜਾ ਪਾਠ ਤੇ ਕਰਮ ਕਾਂਡਾਂ ਦੀ ਪੜਚੋਲ ਕਰਦਿਆਂ ਉਹ ਇਹੋ ਢੰਗ ਵਰਤਦੇ

ਸਨ। ਇਸ ਢੰਗ ਨਾਲ ਉਹਨਾਂ ਦੇ ਬਚਨਾਂ ਦਾ ਅਸਰ ਵੀ ਵਧੇਰੇ ਛੇਤੀ ਹੋ ਜਾਂਦਾ ਸੀ ਤੇ ਇਸ ਵਿਚੋਂ ਕੋਈ ਕੁੜੱਤਨ ਵੀ ਨਹੀਂ ਸੀ ਨਿਕਲਦੀ, ਇਹ ਢੰਗ ਉਹਨਾਂ ਛੋਟੀ ਉਮਰ ਤੋਂ ਹੀ ਅਪਨਾਇਆ ਹੋਇਆ ਸੀ। ਕੁਝ ਮਿਸਾਲਾਂ ਦੇ ਕੇ ਇਸ ਵਿਚਾਰ ਨੂੰ ਸਮਝਨ ਦਾ ਯਤਨ ਕਰਦੇ ਹਾਂ। ਇਕ ਪੰਡਤ ਜੀ ਪਾਸ ਗੁਰੂ ਜੀ ਨੂੰ ਵਿਦਿਆ ਸਿਖਣ ਲਈ ਭੇਜਿਆ ਗਿਆ ਤੇ ਪੰਡਤ ਜੀ ਨੇ ਉਹਨਾਂ ਦੇ ਲਿਖਣ ਲਈ ਇਕ ਪਟੀ ਅਗੇ ਰਖ ਦਿਤੀ। ਗੁਰੂ ਜੀ ਨੂੰ ਵਿਦਿਆ ਪੜ੍ਹਨ ਸਿਖਣ ਵਿਚ ਤਾਂ ਕੋਈ ਇਤਰਾਜ਼ ਨਹੀਂ ਸੀ ਪਰ ਉਹਨਾਂ ਵੇਖ ਲਿਆ ਸੀ ਕਿ ਵਿਦਿਆ ਦਾ ਮਨੋਰਥ ਕੇਵਲ ਰੋਟੀ ਰਹਿ ਗਿਆ ਹੈ, ਅੰਦਰਲੀ ਜਾਗ੍ਰਤੀ ਨਹੀਂ। ਇਸ ਪਾਸੇ ਦੁਨੀਆਂ ਦਾ ਧਿਆਨ ਕਰਾਣ ਲਈ ਉਹ ਇਉਂ ਬੋਲੇ ਸਨ :

'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥......
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥
ਬਾਬਾ ਇਹੁ ਲੇਖਾ ਲਿਖਿ ਜਾਣੁ। '
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥'

(ਸਿਰੀ ਰਾਗ ਮਹਲਾ ੧)

ਇਕ ਸਮੇਂ ਪਿਤਾ ਕਾਲੂ ਚੰਦ ਜੀ ਨੇ ਪੁਤ ਨੂੰ ਖੇਤੀ ਵਪਾਰ ਦਾ ਸੁਝਾਉ ਦਿਤਾ। ਗੁਰੂ ਜੀ ਨੇ ਸਮਝ ਲਿਆ ਹੋਇਆ ਸੀ ਕਿ ਪਿਤਾ ਜੀ ਨੇ ਵਪਾਰ ਨੂੰ ਨਿਰੀ ਮਾਇਆ ਦੀ ਖੇਡ ਸਮਝ ਲਿਆ ਹੋਇਆ ਹੈ। ਕਹਣ ਲਗੇ ਕਿ ਉਹ ਖੇਤੀ ਵਪਾਰ ਲਈ ਬਿਲਕੁਲ ਤਿਆਰ ਹਨ ਤੇ ਇਸ ਵਪਾਰ ਬਾਬਤ ਉਹਨਾਂ ਨੇ ਕੁਝ ਅਗੇ ਵੀ ਸਿਖਿਆ ਹੋਇਆ ਹੈ ਜੋ ਇਸ ਪ੍ਰਕਾਰ ਹੈ :

'ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਬਾਬਾ ਮਾਇਆ ਸਾਥਿ ਨ ਹੋਇ ॥' (ਸੋਰਠਿ ਮਹਲਾ ੧)

ਗੁਰੂ ਜੀ ਦਾ ਜੀਵਨ ਇਤਿਹਾਸ ਫੋਲ ਕੇ ਵੀ ਵੇਖੋ, ਉਹਨਾਂ ਦੀਆਂ ਸਾਦਾ ਕਥਨੀਆਂ ਪਿਛੇ ਗੂੜ੍ਹਾ ਗਿਆਨ ਹੁੰਦਾ ਸੀ; ਮਸਲਨ ਧਰਮਾਂ ਅੰਦਰ ਆਏ ਭਰਮ ਭੁਲੇਖੇ ਦੂਰ ਕਰਦਿਆਂ ਉਹ ਹਰ ਗਲ ਭੇਦ ਭਰੀ ਤੇ ਰਮਜ਼ ਵਾਲੀ ਕਰਦੇ ਸਨ। ਉਹ ਸਚ ਨੂੰ ਕਚ ਨਾਲੋਂ ਤੁਰਤ ਨਿਖੇੜ ਲੈਂਦੇ ਸਨ ਤੇ ਫਿਰ ਇਸ ਨੂੰ ਇਉਂ ਪੇਸ਼ ਕਰਦੇ ਸਨ ਕਿ

ਸਭ ਨੂੰ ਚੰਗਾ ਲਗਦਾ ਸੀ ਤੇ ਸਪਸ਼ਟ ਹੋ ਕੇ ਦਿਸ ਵੀ ਪੈਂਦਾ ਸੀ। ਹਰਦਵਾਰ ਦੇ ਪੰਡਤਾਂ ਨੂੰ ਸੂਰਜ 'ਦੇਵਤਾ' ਦੀ ਤਰਫ, ਚੜਦੇ ਪਾਸੇ ਪਾਣੀ ਦੇਂਦਿਆਂ ਵੇਖ ਕੇ ਆਪ ਨੇ ਲਹਿੰਦੇ ਪਾਸੇ ਪਾਣੀ ਦੇਣਾ ਸ਼ੁਰੂ ਕਰ ਦਿਤਾ ਸੀ ਤੇ ਮੁੜ ਉਹਨਾਂ ਵੱਲ ਤਕਦੀ ਹੈਰਾਣ ਦੁਨੀਆਂ ਨੂੰ ਦਸਿਆ ਕਿ ਉਹ ਅਪਣੀ ਕਰਤਾਰ ਪੁਰ ਵਾਲੀ ਖੇਤੀ ਨੂੰ ਪਾਣੀ ਦੇ ਰਹੇ ਹਨ। ਇਸ ਵਿਚ ਰਮਜ਼ ਇਹ ਸੀ ਕਿ ਜੇ ਪੰਡਤਾਂ ਦਾ ਪਾਣੀ ਕ੍ਰੋੜਾਂ ਮੀਲ ਦੂਰ ਸੂਰਜ ਨੂੰ ਪੁਜ ਸਕਦਾ ਹੈ ਤਾਂ ਦੋ ਤਿੰਨ ਸੌ ਮੀਲ ਦੀ ਦੂਰੀ ਤੇ ਕਰਤਾਰ ਪੁਰ ਦੀ ਖੇਤੀ ਨੂੰ ਵੀ ਪੁਜ ਸਕਦਾ ਹੈ। ਮਕੇ ਦੀ ਯਾਤਰਾ ਸਮੇਂ, ਇਸ ਭਰਮ ਨੂੰ ਨੰਗਾ ਕਰਨ ਲਈ ਕਿ ਰਬ ਕਾਬੇ ਅੰਦਰ ਹੀ ਵਸਦਾ ਹੈ, ਆਪ ਕਾਬੇ ਵਲ ਹੀ ਪੈਰ ਪਸਾਰ ਸੁਤੇ ਸਨ। ਰਬ ਦੀ ਸਰਬ ਵਿਆਪਕ ਹੋਂਦ ਦਰਸਾਣਾ ਹੀ ਉਹਨਾਂ ਦਾ ਮਨੋਰਥ ਸੀ। ਮਲਕ ਭਾਗੋ ਦੀਆਂ ਪੂਰੀਆਂ ਵਿਚੋਂ ਲਹੂ ਤੇ ਕੋਧਰੇ ਦੀ ਰੋਟੀ ਵਿਚੋਂ ਦੁਧ ਕਢਣ ਦੀਆਂ ਕਰਨੀਆਂ, ਮੁਲਤਾਨ ਦੇ ਸੂਫੀ ਫਕੀਰਾਂ ਵਲੋਂ ਆਏ ਦੁਧ ਦੇ ਭਰੇ ਕਟੋਰੇ ਉਤੇ ਚੰਬੇਲੀ ਦਾ ਫੁਲ ਰਖਣਾ ਮਰਦਾਨੇ ਨੂੰ ਸਿਆਲਕੋਟ ਸ਼ਹਿਰ ਦੇ ਬਾਜ਼ਾਰਾਂ ਵਿਚ ਸਚ ਝੂਠ ਦੀ ਖਰੀਦ ਕਰਨ ਭੇਜਣਾ ਇਤਿਆਦਿਕ ਕਈ ਕਹਾਣੀਆਂ ਹਨ ਜੋ ਉਤਲੀ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਇਹ ਸਾਰਾ ਵਿਸਥਾਰ ਅਸੀਂ ਇਸ ਲਈ ਦਿਤਾ ਹੈ ਕਿ ਗੁਰ ਜੀ ਦੇ ਵਿਚਾਰ-ਢੰਗ ਦੀ ਤਸਵੀਰ ਪ੍ਰਤਖ ਹੋ ਕੇ ਸਾਹਮਣੇ ਆ ਜਾਏ। ਇਸ ਤੋਂ 'ਸਿਧ ਗੋਸ਼ਟਿ' ਦੀਆਂ ਗੁੰਝਲਾ ਖੋਹਲਣ ਵਿਚ ਸਹਾਇਤਾ ਮਿਲੇਗੀ। ਰਹਾਉ ਦੇ ਅਗਲੇ ਬੰਦ ਵਿਚ ਹੀ ਸਾਨੂੰ ਇਸ ਦੀ ਲੋੜ ਹੈ।

ਇਸ ਬੰਦ ਵਿਚ ਦਸਿਆ ਗਿਆ ਹੈ ਕਿ ਸਚੇ ਸ਼ਬਦ ਦੀ ਕਮਾਈ ਤੋਂ ਬਿਨਾਂ ਮੁਕਤ ਨਹੀਂ ਹੁੰਦਾ। ਇਸ ਵਿਚ ਦੋ ਗਲਾਂ ਕਹੀਆਂ ਹਨ-ਮਨੋਰਥ ਹੈ ਮੋਖ ਦੀ ਪਰਾਪਤੀ ਅਤੇ ਸਾਧਨ ਹੈ ਸਚੇ ਸ਼ਬਦ ਦੀ ਅਗਵਾਈ ਹੇਠ ਕੀਤੀ ਕਮਾਈ। ਪਰ ਪਹਿਲਾਂ ਮੋਖ ਹੈ ਕੀ ? ਮੋਖ ਦਾ ਲਫ਼ਜ਼ੀ ਅਰਥ ਹੈ ਛੁਟਕਾਰਾ, ਆਜ਼ਾਦੀ। ਜਦ ਕੋਈ ਮਨੁੱਖ ਸਭ ਕਿਸਮ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਹ ਮੁਕਤ ਹੈ। ਫਿਰ ਉਹ ਆਪਣੇ ਮਨ ਦਾ ਗੁਲਾਮ ਨਹੀਂ, ਮਨ ਦਾ ਮਾਲਕ ਹੈ। ਆਜ਼ਾਦੀ ਦਾ ਅਰਥ ਹੀ ਮਨ ਦੀ ਗੁਲਾਮੀ ਤੋਂ ਛੁਟਕਾਰਾ ਹੈ ਪਰ ਇਹ ਕਿਤੇ ਬਾਹਰੋਂ ਨਹੀਂ ਆਂਵਦੀ, ਅੰਦਰੋਂ ਹੀ ਕਢਨੀ ਹੁੰਦੀ ਹੈ ਤੇ ਇਸ ਵਿਚ ਹਰ ਕਿਸੇ ਨੂੰ ਆਪ ਹੀ ਮਿਹਨਤ ਕਰਨੀ ਪੈਂਦੀ ਹੈ। ਤੰਗ ਦਿਲੀ ਤੇ ਤੁਅਸਬ ਤੋਂ ਛੁਟਕਾਰਾ, ਕਾਮ, ਕ੍ਰੋਧ ਹੰਕਾਰ ਆਦਿਕ ਤੋਂ ਖਲਾਸੀ, ਵਿਸ਼ੇ ਵਿਕਾਰਾਂ ਦੀ ਗੁਲਾਮੀ ਤੋਂ ਬਚਾਉ ਅਤੇ ਮਨ ਦੀਆਂ

ਕਈ ਹੋਰ ਕੋਦਾਂ ਤੋਂ ਆਜ਼ਾਦੀ ਆਪਣੇ ਹੀ ਯਤਨਾਂ ਨਾਲ ਹੋਣੀ ਹੈ। ਅਸਾਂ ਆਪਣੇ ਨੀਵੇਂ ਜਿਹੇ ਆਪੇ ਤੋਂ ਛੁਟਕਾਰਾ ਲੈਣਾ ਹੈ ਤੇ ਅਪਣੇ ਅਸਲ ਆਪੇ ਅਰਥਾਤ ਨਿਜ-ਸਰੂਪ ਦੇ ਦਰਸ਼ਨ ਕਰਨੇ ਹਨ। ਜਦ ਕੋਈ ਮਨੁੱਖ ਅਪਣੇ ਇਸ ਨੀਵੇਂ ਆਪੇ ਨੂੰ ਗਵਾ ਕੇ ਰਬ ਦੇ ਹਵਾਲੇ ਹੋ ਜਾਂਦਾ ਹੈ ਉਹ ਰਬ ਦਾ ਹੀ ਰੂਪ ਹੋ ਜਾਂਦਾ ਹੈ। ਉਸ ਨੂੰ ਮੁਕਤ ਕਿਹਾ ਜਾਂਦਾ ਹੈ, ਮੁਕਤ ਸਰੂਪ ਹਰੀ ਵਿਚ ਜੁ ਉਹ ਅਭੇਦ ਹੋ ਜਾਂਦਾ ਹੈ। ਇਹੋ ਸਚ ਤੀਰ ਅਪੜਨਾ ਹੈ ਜਿਸ ਦਾ ਜ਼ਿਕਰ ਰਹਾਉ ਦੇ ਪਹਿਲੇ ਬੰਦ ਵਿਚ ਆਇਆ ਸੀ। ਓਥ ਸਚ ਤੀਰ ਅਪੜਨ ਲਈ ਸੁਚਾ ਹੋਣਾ ਜ਼ਰੂਰੀ ਦਸਿਆ ਗਿਆ ਸੀ। ਇਹ ਘਟੋ ਘਟ ਸ਼ਰਤ ਲਾਈ ਗਈ ਸੀ ਜਿਸ ਤੋਂ ਬਿਨਾਂ ਕੋਈ ਮਨੁੱਖ ਇਸ ਰਾਹ ਤੇ ਤੁਰਨ ਦੇ ਯੋਗ ਨਹੀਂ ਹੁੰਦਾ। ਸਚ ਤੀਰ ਅਪੜਨ ਦਾ ਸਾਧਨ ਕੀ ਹੈ, ਇਹ ਦੂਜੇ ਬੰਦ ਵਿਚ ਦਸਿਆ ਗਿਆ ਹੈ। ਪਰ ਪਹਿਲੇ ਅਸੀਂ ਮੁਕਤੀ ਦਾ ਤੱਸਵਰ ਕਰ ਰਹੇ ਸਾਂ। ਗੁਰੂ ਜੀ ਤੋਂ ਥੋੜਾ ਹੀ ਸਮਾਂ ਪਹਿਲਾਂ ਕਬੀਰ ਜੀ ਅਨੁਸਾਰ ਵੀ ਮੁਕਤੀ ਦਾ ਸਰੂਪ ਓਹੋ ਹੈ ਜਿਸ ਦਾ ਅਸਾਂ ਉਪਰ ਸੰਕੇਤ ਦਿਤਾ ਹੈ। ਕਬੀਰ ਜੀ ਲਿਖਦੇ ਹਨ :

> "ਜਉ ਤੁਮ ਮੋਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥
> ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਓ ॥
> ਰਾਮ ਮੋਕਉ ਤਾਰਿ ਕਹਾਂ ਲੈ ਜਈ ਹੈ ॥
> ਸੋਧਉ ਮੁਕਤਿ ਕਹਾਂ ਦੇਉ ਕੈਸੀ ਕਰਿ ਪ੍ਰਸਾਦਿ ਮੋਹਿ ਪਾਈ ਹੈ। ਰਹਾਉ ॥
> ਤਾਰਨੁ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥
> ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥"

(ਮਾਰੂ ਕਬੀਰ ਜੀ)

ਅਰਥਾਤ, 'ਹੇ ਹਰੀ, ਜੇ ਤੁਸੀਂ ਮੈਨੂੰ ਅਪਣੇ ਆਪ ਤੋਂ ਦੂਰ ਰਖੋ ਤਾਂ ਦਸੋ ਮੁਕਤੀ ਫਿਰ ਕਾਹਦੀ ਹੋਈ (ਅਰਥਾਤ ਤੇਰਾ ਮੇਲ ਹੀ ਮੁਕਤੀ ਹੈ)। ਤੁਸੀਂ ਹੁਣ ਮੈਨੂੰ ਇਕ ਹੁੰਦੇ ਹੋਏ ਵੀ ਆਪ ਹੀ ਅਨੇਕ ਹੋ ਕੇ ਵਰਤਦੇ ਦਿਸ ਰਹੇ ਹੋ, ਫਿਰ ਤੁਸੀਂ ਮੈਨੂੰ ਕਿਵੇਂ ਦਵੈਤ ਦਾ ਭੁਲੇਖਾ ਪਾ ਸਕਦੇ ਹੋ? ਹੇ ਰਾਮ, ਮੈਂ ਪੁਛਦਾ ਹਾਂ ਕਿ ਮੈਨੂੰ ਮੁਕਤ ਕਰਕੇ ਕਿਥੇ ਲੈ ਜਾਉਗੇ, ਜੇ ਕੋਈ ਹੋਰ ਮੁਕਤੀ ਹੈ ਤਾਂ ਦਸੋ ਉਹ ਕਿਹੋ ਜਹੀ ਹੈ ਤੇ ਮੈਨੂੰ ਕਿਵੇਂ ਦਿਉਗੇ; ਮੈਂ ਤਾਂ ਇਹ ਸਮਝਦਾ ਹਾਂ ਕਿ ਤੁਸਾਂ ਕਿਰਪਾ

ਕਰਕੇ ਮੈਨੂੰ ਅਗੇ ਹੀ ਮੁਕਤੀ ਦੇ ਦਿਤੀ ਹੋਈ ਹੈ ਤੇ ਮੈਂ ਪਾ ਲਈ ਹੋਈ ਹੈ। ਇਹ ਗੱਲ ਕਿ ਉਹ ਤਾਰਦਾ ਹੈ ਤੇ ਜੀਵ ਤਰਦੇ ਹਨ, ਉਤਨਾ ਚਿਰ ਹੀ ਕੋਈ ਅਰਥ ਰਖਦੀ ਹੈ ਜਿੰਨਾਂ ਚਿਰ ਅਸਲੀਅਤ ਪ੍ਰਤਖ ਪ੍ਰਕਾਸ਼ ਨਹੀਂ ਹੁੰਦੀ। ਪਰ ਹੁਣ ਤਾਂ ਮੈਂ ਅੰਦਰ ਹੀ ਅੰਦਰ (ਤੇਰਾ ਰੂਪ ਹੋ ਕੇ) ਮੈਲ ਰਹਿਤ ਹੋ ਗਿਆ ਹਾਂ ਤੇ ਮੇਰਾ ਮਨ ਪਤੀਜ ਚੁਕਾ ਹੋਇਆ ਹੈ।'

ਬਸ, ਇਹੋ ਹੈ ਗੁਰੂ ਜੀ ਦੇ ਅਪਣੇ ਤਸਵਰ ਦੀ ਵੀ ਮੁਕਤੀ। ਜੀਵ ਆਪ ਹੀ ਤਰਣ ਤਾਰਣ ਹੈ ਕਿਉਂਕਿ ਇਹ ਆਪੇ ਤੋਂ ਸੋਝੀ ਲੈ ਕੇ ਅਤੇ ਆਪੇ ਨਾਲ ਆਪੇ ਨੂੰ ਮਾਰਕੇ ਉਸ ਸਰਬ-ਆਪੇ ਵਿਚ ਲੀਨ ਹੁੰਦਾ ਹੈ। ਕਿਸੇ ਹੋਰ ਨੂੰ ਤਾਰਨ ਯੋਗ ਮੰਨਣ ਦਾ ਵਿਚਾਰ ਓਨਾਂ ਚਿਰ ਹੀ ਚਲਦਾ ਹੈ ਜਿੰਨਾਂ ਚਿਰ ਇਸ ਬੁਨਿਆਦੀ ਗਲ ਦੀ ਸਮਝ ਨਹੀਂ ਪੈ ਜਾਂਦੀ। ਜਦ ਇਕ ਹੀ ਅਨੇਕ ਹੋ ਕੇ ਵਰਤਦਾ ਦਿਸ ਪੈਂਦਾ ਹੈ ਤੇ ਆਪਾ ਮਿਟ ਜਾਂਦਾ ਹੈ ਤਾਂ ਇਹ ਇਕ ਦਾ ਰੂਪ ਹੋ ਜਾਂਦਾ ਹੈ। ਇਹੋ ਹੀ ਮੁਕਤੀ ਹੈ ਤੇ ਇਹੋ ਹੀ ਸਹਜ ਹੈ। ਸਹਜ ਦਾ ਅਰਥ ਹੈ 'ਅਪਨੇ ਨਾਲ ਹੀ ਜੰਮਿਆ ਹੋਇਆ', ਅਰਥਾਤ ਜੋ ਅਪਨਾ ਅਸਲ ਆਪਾ ਹੈ। ਸਿਧਾਂਤਕ ਸ਼ਬਦ 'ਸਹਜ' ਦੀ ਵਰਤੋਂ ਗੁਰੂ ਸਾਹਿਬ ਤੋਂ ਪਹਲਾਂ ਕਬੀਰ ਜੀ, ਰਾਮਾਨੰਦ ਜੀ ਆਦਿਕ ਭਗਤੀ ਲਹਿਰ ਦੇ ਸੰਤਾਂ ਸਾਧੂਆਂ ਨੇ ਕੀਤੀ ਹੋਈ ਸੀ। ਇਸ ਤੋਂ ਪਹਲਾਂ ਕੰਨ-ਪਾਟੇ ਜੋਗੀਆਂ, ਅਵਧੂਤ ਸਾਧੂਆਂ, ਨਾਥ ਪੰਥੀਆਂ ਤੇ ਇਸ ਤੋਂ ਵੀ ਹੋਰ ਪਹਿਲਾਂ ਸਹਜਯਾਨੀ ਤਾਂਤ੍ਰਿਕ ਬੋਧੀਆਂ ਨੇ ਇਸੇ ਸ਼ਬਦ ਦੀ ਵਰਤੋਂ ਕੀਤੀ ਸੀ ਹਾਲਾਂ ਕਿ ਬੋਧੀ ਰਬ ਦੀ ਹੋਂਦ ਬਾਬਤ ਉਕਾ ਚੁਪ ਸਨ; ਨ ਕਹਿੰਦੇ ਸਨ ਰਬ ਹੈ ਤੇ ਨ ਕਹਿੰਦੇ ਸਨ ਨਹੀਂ ਹੈ। ਇਸ ਦਾ ਸਪੱਸ਼ਟ ਭਾਵ ਇਹ ਹੈ ਕਿ 'ਸਹਜ' ਸ਼ਬਦ ਨੂੰ ਇਕ ਹੀ ਅਰਥਾਂ ਵਿਚ ਨਹੀਂ ਸੀ ਵਰਤਿਆ ਜਾਂਦਾ। 'ਸਹਜ' ਦਾ ਤੱਸਵਰ ਸਮੇਂ ਸਮੇਂ ਨਾਲ ਬਦਲਦਾ ਰਹਿਆ ਹੈ। ਸਮੁਚੇ ਤੌਰ ਤੇ ਇਹ ਕਹਿਆ ਜਾ ਸਕਦਾ ਹੈ ਕਿ 'ਸਹਜ' ਨੂੰ ਇਕ ਸੁਖ, ਸ਼ਾਂਤੀ, ਟਿਕਾਉ ਗਿਆਨ ਤੇ ਅਨੰਦ ਦੀ ਹਾਲਤ ਮਿਥਿਆ ਗਿਆ ਹੋਇਆ ਸੀ। ਇਸ ਨੂੰ ਕੋਈ ਸਹਜ ਕਹੇ, ਮੋਖ ਕਹੇ, ਪਰਮ ਪਦ ਕਹੇ, ਨਿਰਬਾਨ ਪਦ ਜਾਂ ਅਮਰ ਪਦ ਕਹੇ ਜਾਂ ਕੁਝ ਹੋਰ ਕਹੇ, ਨਿਸ਼ਾਨਾ ਇਹੋ ਸੀ। ਸਹਜਯਾਨੀ ਤੇ ਵਜਰਯਾਨੀ ਬੋਧੀਆਂ ਨੇ ਇਸ ਨੂੰ 'ਮਹਾਂ ਸੁਖ' ਦੀ ਪ੍ਰਾਪਤੀ ਆਖਿਆ ਸੀ ਜੋ ਹੌਲੇ ਹੌਲੇ ਮਰਦ ਇਸਤ੍ਰੀ ਦੇ ਜਿਨਸੀ ਮੇਲ ਤੋਂ ਉਪਜੇ ਸੁਖ ਨਾਲ ਮਿਲਦਾ ਜੁਲਦਾ ਕਰ ਦਿਤਾ ਗਿਆ ਸੀ। ਪਹਿਲਾਂ

ਨਰ, ਮਾਦਾ ਦੇ ਦੋ ਜਿਨਸੀ ਨਿਯਮ ਪ੍ਰਵਾਣ ਕੀਤੇ ਗਏ ਸਨ ਤੇ ਫੇਰ ਹਠ ਯੋਗ ਰਾਹੀਂ 'ਮਹਾਂ ਸੁਖ' ਤਕ ਅਪੜਨ ਦੇ ਸਾਧਨ ਸਾਧੇ ਸਨ ਜਿਨਾਂ ਦਾ ਵਿਸਥਾਰ ਏਨਾ ਲੰਮਾ ਚੌੜਾ ਹੈ ਕਿ ਇਸ ਨੂੰ ਏਥੇ ਦੇਣ ਦਾ ਕੋਈ ਖਾਸ ਲਾਭ ਨਹੀਂ। ਛੇ ਚਕਰੀ ਕਾਇਆਂ ਨੂੰ ਉਹਨਾਂ ਤਿੰਨ ਕਾਇਆਂ-ਨਿਰਮਾਨ ਕਾਇਆ, ਧਰਮ ਕਾਇਆ ਤੇ ਸਮਭੋਗ ਕਾਇਆ ਵਿਚ ਪਰਵਾਣ ਕੀਤਾ ਸੀ ਤੇ ਚੌਥੀ ਸੀ ਸਹਜ ਕਾਇਆ ਜਿਸ ਦੇ ਅੰਦਰ ਮਹਾਂ ਸੁਖ ਕਮਲ ਸਿਥਿਆ ਸੀ। ਇਸ ਤੋਂ ਪਿਛੋਂ ਯੋਗੀਆਂ ਦਾ ਸਹਜ ਸਹਜਯਾਨੀਆ ਨਾਲੋਂ ਵਖਰਾ ਹੋ ਗਿਆ ਸੀ। ਇਸ ਨੂੰ ਉਹ ਅਮਰ ਹੋਣਾ ਜਾਂ ਜੀਵਨ-ਮੁਕਤ ਹੋਣਾ ਆਖਦੇ ਸਨ, ਜਿਵੇਂ ਕਿ ਅਸੀਂ ਪਿਛੇ ਸੰਕੇਤ ਦੇ ਆਏ ਹਾਂ। ਗੁਰੂ ਜੀ ਦੇ ਸਹਜ ਦਾ ਸੰਕਲਪ ਹੋਰ ਹੈ। ਉਹਨਾਂ 'ਸਹਜ' ਦੀ ਵਰਤੋਂ ਕਰ ਲਈ ਹੈ ਪਰ ਇਸ ਬਾਬਤ ਪ੍ਰਚਲਤ ਕਿਸੇ ਸਿਧਾਂਤ ਨੂੰ ਪਰਵਾਣ ਨਹੀਂ ਕੀਤਾ। ਇਹ ਸਹਜ ਉਹ ਹਾਲਤ ਹੈ ਜਦੋਂ ਪ੍ਰਮਾਤਮਾ ਅੰਦਰ ਆ ਵਸਦਾ ਹੈ। ਇਹ ਦੋ ਜਿਨਸੀ ਨਿਯਮਾਂ ਨਿਰਾਤਮਾ ਤੇ ਧੰਧੀ ਚਿਤ ਦੇ ਕਿਸੇ ਮੇਲ ਤੋਂ ਨਹੀਂ, ਆਤਮਾ ਤੇ ਪ੍ਰਮਾਤਮਾ ਦੇ ਮੇਲ ਤੋਂ ਉਪਜਿਆ ਹੈ। ਇਸ ਨੂੰ ਮਿਲਾਪ ਦੀ ਹਾਲਤ ਕਹਿਆ ਜਾਂਦਾ ਹੈ, ਆਤਮਾ ਪ੍ਰਮਾਤਮਾ ਵਿਚ ਸਮਾਂ ਜਾਂਦੀ ਹੈ। ਲੀਨ ਹੋ ਜਾਂਦੀ ਹੈ, ਅਭੇਦ ਹੋ ਜਾਂਦੀ ਹੈ। ਇਸ ਮੇਲ ਤੋਂ ਸਦੀਵੀ ਸੁਖ, ਸ਼ਾਂਤੀ, ਪ੍ਰੇਮ ਤੇ ਗਿਆਨ ਜੀਵਨ ਅੰਦਰ ਪਰਧਾਨ ਹੋ ਜਾਂਦੇ ਹਨ। ਇਹੋ ਮੁਕਤੀ ਹੈ ਪਰ ਇਸ ਮੁਕਤੀ ਦਾ ਕਿਆਸ ਕੋਈ ਇੰਦ੍ਰਕ ਜਾ ਪਦਾਰਥਕ ਸੁਖ ਸੁਆਦ ਨਹੀਂ। ਇਸ ਦੇ ਆਇਆ ਦੁਨਿਆਵੀ ਸੁਖ ਆਰਾਮ ਪ੍ਰਾਪਤ ਨਹੀਂ ਹੋ ਜਾਂਦੇ ਤੇ ਨਾਂ ਦੁਨਿਆਵੀਂ ਕੰਮ ਕਾਜ ਤੇ ਜ਼ਿਮੇਵਾਰੀਆਂ ਮੁਕ ਕੇ ਵਿਹਲ ਪ੍ਰਾਪਤ ਹੋ ਜਾਂਦੀ ਹੈ। ਇਹ ਮੁਕਤੀ ਤਾਂ ਸਗੋਂ ਵਧੇਰੇ ਜ਼ਿਮੇਵਾਰੀਆਂ ਗਲ ਪਾਉਂਦੀ ਹੈ ਤੇ ਸੇਵਾ ਦੇ ਰਾਹ ਤੇ ਤੋਰਦੀ ਹੈ। ਹਾਂ, ਇਸ ਵਿਚ ਬੇਗਰਜੀ ਆ ਗਈ ਹੁੰਦੀ ਹੈ ਕਿਉਂਕਿ ਆਪਾ ਤਾ ਰਹਿ ਹੀ ਨਹੀਂ ਜਾਂਦਾ। ਕੰਮਾਂ ਵਿਚ ਲਗਿਆਂ ਕੰਮਾਂ ਨਾਲ, ਪਕੜ ਜਾਂ ਮਾਇਕ ਬੰਧਨ ਖਤਮ ਹੋ ਜਾਂਦੇ ਹਨ। ਬਾਹਰ ਦੀਆਂ ਖਿਚਾਂ ਜੋ ਦੁਖ ਦਾ ਕਾਰਨ ਬਣਦੀਆਂ ਹਨ ਮੁਕ ਜਾਂਦੀਆਂ ਹਨ। ਜੀਵਨ ਕੁਦਰਤੀ ਹੋ ਜਾਂਦਾ ਹੈ ਤੇ ਹਰ ਚੀਜ਼ ਆਪਣੇ ਆਪ ਅਸਲ ਤੇ ਕੁਦਰਤੀ ਰੂਪ ਵਿਚ ਆ ਜਾਂਦੀ ਹੈ। ਇਹ ਸਦ-ਅਨੰਦ ਦੀ ਹਾਲਤ ਹੈ ਜਿਸ ਵਿਚ ਸੁਖ ਦੁਖ ਦੋਨੋ ਹੀ ਪੱਛੇ ਰਹਿ ਜਾਂਦੇ ਹਨ। ਇਸ ਨੂੰ ਨਿਜਾਨੰਦ ਦੀ ਹਾਲਤ ਕਹੀਦਾ ਹੈ। ਇਸ ਹਾਲਤ ਵਿਚ ਅਪੜੇ ਮਨੁੱਖ ਦਾ ਜੀਵਨ ਐਸਾ ਇਕਸਾਰ ਚਲਦਾ ਹੈ ਕਿ ਉਹ

ਮਨੁੱਖ ਨਾਂ ਦੁਖਾਂ ਤੋਂ ਘਬਰਾਂਦਾ ਹੈ, ਨਾ ਸੁਖਾਂ ਦੀ ਲਾਲਸਾ ਵਿਚ ਬਝਦਾ ਹੈ; ਨਾ ਨਿੰਦਾ ਬੁਰਾਈ ਵਿਚ ਲਗਦਾ ਹੈ, ਨਾਂ ਖੁਸ਼ਾਮਦ ਭਰੀ ਉਸਤਤਿ ਚਾਹੁੰਦਾ ਹੈ। ਉਹ ਖੁਸ਼ੀ ਗਮੀ ਤੋਂ ਨਿਰਲੇਪ ਰਹਿੰਦਾ ਹੈ। ਨਾ ਉਸ ਨੂੰ ਆਦਰ ਦੀ ਲੋੜ ਹੈ ਨਾ ਨਿਆਦਰੀ ਦੀ ਪਰਵਾਹ। ਆਸਾ ਤ੍ਰਿਸ਼ਨਾ ਉਸ ਨੂੰ ਬੰਨਦੇ ਨਹੀਂ ਤੇ ਕਾਮ ਕ੍ਰੋਧ ਛੋਂਹਦੇ ਨਹੀਂ। ਇਹ ਬ੍ਰਹਮ ਗਿਆਨਤਾ ਦੀ ਹਾਲਤ ਹੈ। ਇਸ ਨੂੰ ਜੀਵਨ-ਮੁਕਤ ਵੀ ਕਹਿਆ ਜਾਂਦਾ ਹੈ। ਪਰ ਇਹ ਜੀਵਨ-ਮੁਕਤਿ ਆਮ ਯੋਗੀਆਂ ਦੇ ਕਿਆਸ ਦੇ ਜੀਵਨ-ਮੁਕਤ ਨਾਲੋਂ ਭਿੰਨ ਹੈ। ਇਹ ਨਿਰਬਾਣ ਪਦ ਹੈ, ਬੇਗਮ ਪੁਰਾ ਹੈ। ਇਸ ਨੂੰ ਸਪੱਸ਼ਟ ਰੂਪ ਵਿਚ ਹੋਰ ਕਿਆਸਾਂ ਨਾਲੋਂ ਨਿਖੇੜ ਕੇ ਸਮਝਣਾ ਚਾਹੀਦਾ ਹੈ। ਇਸ ਨੂੰ ਤੁਰੀਆਂ ਜਾਂ ਚੌਥਾ ਪਦ ਵੀ ਕਹੀਦਾ ਹੈ। ਦੁਨੀਆ ਦੇ ਲੋਕ ਆਮ ਤੌਰ ਤੇ ਹੇਠਲੇ ਪਧਰੇ ਤਿੰਨ ਮਾਨਸਕ ਹਾਲਤਾਂ ਵਿਚ ਹੀ ਵਿਚਰਦੇ ਹਨ। ਇਕ ਉਹ ਹਨ ਜੋ ਅਤਿ ਅਗਿਆਨਤਾ ਤੇ ਹਨੇਰੇ ਦੀ ਹਾਲਤ ਵਿਚ ਹਨ, ਇਹ ਤਮੋ ਗੁਣੀ ਹਨ। ਇਸ ਹਾਲਤ ਵਿਚ ਗੁਸਾ ਈਰਖਾ ਤੇ ਹੰਕਾਰ ਆਦਿਕ ਦਾ ਗਲਬਾ ਹੁੰਦਾ ਹੈ। ਦੂਜੇ ਉਹ ਹਨ ਜਿਨਾਂ ਦੇ ਅੰਦਰ ਖਾਹਸ਼ਾਂ ਜ਼ੋਰਦਾਰ ਹੋ ਕੇ ਭੜਕਦੀਆਂ ਹਨ ਤੇ ਉਹਨਾਂ ਨੂੰ ਕੁਝ ਪ੍ਰਾਪਤ ਕਰਨ ਜਾਂ ਕੁਝ ਬਨਣ ਦੀ ਹਵਸ ਲਗੀ ਹੁੰਦੀ ਹੈ। ਇਹ ਰਜੋ ਗੁਣੀ ਹਨ। ਇਨ੍ਹਾਂ ਦੋਹਾਂ ਤੋਂ ਉਤੇ ਸਤੋ ਗੁਣੀ ਪੁਰਸ਼ ਹੁੰਦੇ ਹਨ ਜੋ ਸੁਭਾਵਿਕ ਤੌਰ ਤੇ ਸ਼ਾਂਤ ਪਰ ਉਪਰਾਮ ਰਹਿੰਦੇ ਹਨ। ਉਹ ਸਭ ਕੁਝ ਛਡ ਛਡਾ ਕੇ ਸੰਸਾਰ ਦੀ ਖੱਪ ਤੋਂ ਲਾਂਭੇ ਹੋ ਜਾਣਾ ਚਾਹੁੰਦੇ ਹਨ ਤੇ ਇਸ ਤਰ੍ਹਾਂ ਹੀ ਅਪਣੇ ਅੰਦਰ ਇਕ ਉਚੀ ਸ਼ਾਂਤੀ ਅਨੁਭਵ ਕਰਦੇ ਹਨ। ਦੁਨੀਆਂ ਦੇ ਕੰਮ ਕਾਜ ਉਨ੍ਹਾਂ ਨੂੰ ਅਕਸਰ ਟੰਟ ਤੇ ਬਖੇੜੇ ਹੋ ਕੇ ਦਿਸਦੇ ਹਨ। ਹਰ ਇਨਸਾਨ ਦੇ ਅੰਦਰ ਇਹ ਤਿੰਨ ਗੁਣ ਘਟ ਜਾਂ ਵਧ ਮਾਤ੍ਰਾ ਵਿਚ ਹੁੰਦੇ ਹਨ ਜਿਨ੍ਹਾਂ ਦੇ ਪ੍ਰਭਾਵ ਹੇਠ ਜੀਵਨ ਅੱਡ ਅੱਡ ਤਰ੍ਹਾਂ ਚਲਦਾ ਰਹਿੰਦਾ ਹੈ। ਇਨ੍ਹਾਂ ਤਿੰਨਾ ਤੋਂ ਉਤੇ ਸਹਜ ਜਾਂ ਚੌਥਾ ਪਦ ਹੈ ਜਿਸ ਵਿਚ ਉਹ ਹੀ ਵਿਰਲੇ ਅਪੜਦੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ ਹੁੰਦੇ ਹਨ। ਜੋ ਤਿਨਾਂ ਗੁਣਾਂ ਦੇ ਅਸਰ ਹੇਠ ਹੁੰਦੇ ਹਨ ਉਨਾਂ ਨੂੰ ਇਹ ਦਰਸ਼ਨ ਨਹੀਂ ਹੁੰਦੇ। ਮਹਾਰਾਜ ਇਸ ਗਲ ਨੂੰ ਇਉਂ ਸਮਝਾਂਦੇ ਹਨ :

'ਤੇਰੇ ਤੀਨਿ ਗੁਣਾਂ ਸੰਸਾਰ ਵਿਆਪਹਿ ਅਲਖੁ ਨ ਲਖਣਾ ਜਾਈ ਹੇ।'

(ਬਸੰਤ ਮਹਲਾ ੧)

ਅਰਥਾਤ 'ਹੇ ਜੀਵ, ਤਿੰਨ ਗੁਣ ਤੈਨੂੰ ਸੰਸਾਰ ਨਾਲ ਬੰਨੀ ਰਖਦੇ ਹਨ। ਇਸ ਲਈ ਹੀ ਉਸ ਅਲਖ ਹਰੀ ਦੀ ਤੈਨੂੰ ਸੂਝ ਨਹੀਂ ਪੈਂਦੀ ਹੈ। ਫਿਰ ਹੋਰ :

'ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥'
(ਸਿਰੀ ਰਾਗ ਮਹਲਾ ੧)

ਅਰਥਾਤ, 'ਤ੍ਰੈਗੁਣੀ ਕਰਮਾਂ ਵਿਚ ਲਗਿਆਂ ਆਸਾਂ ਤੇ ਫ਼ਿਕਰ ਬਣੇ ਰਹਿੰਦੇ ਹਨ। ਗੁਰੂ ਤੋਂ ਬਿਨਾਂ ਤਿਨਾਂ ਗੁਣਾਂ ਦਾ ਪ੍ਰਭਾਵ ਮੁਕਦਾ ਨਹੀਂ; ਸਹਜ ਦਵਾਰਾ ਹੀ ਪਕਾ ਤੇ ਸਦੀਵੀ ਸੁਖ ਉਪਜਦਾ ਹੈ।' ਕੋ ਉਹ ਇਸ ਲਈ ਕਿ ਓਥੇ ਸਭ ਸੁਖਾਂ ਦਾ ਸੋਮਾ ਮਿਲ ਜਾਂਦਾ ਹੈ :

'ਨਾਨਕ ਸਹਿਜ ਮਿਲੇ ਜਗ ਜੀਵਣ।' (ਗੁਜਰੀ ਮਹਲਾ ੧)

ਜਿੰਨਾ ਚਿਰ ਕੋਈ ਮਨੁੱਖ ਤਿੰਨਾਂ ਗੁਣਾਂ ਵਿਚ ਹੁੰਦਾ ਹੈ ਉਸ ਦੀਆਂ ਜੀਵਨ ਕੀਮਤਾਂ ਖਲਤ ਮਲਤ ਰਹਿੰਦੀਆਂ ਹਨ। ਉਸ ਉਤੇ ਸਰੀਰਕ ਜੀਵਨ ਦਾ ਗਲਬਾ ਹੁੰਦਾ ਹੈ ਜਿਸ ਤੋਂ ਉਤ੍ਹਾਂ ਉਹ ਉਠ ਹੀ ਨਹੀਂ ਸਕਦਾ। ਤਦੋਂ ਚੋਖਾ ਖਾਣਾ ਤੇ ਹੰਡਾਣਾ ਤੇ ਐਸ਼ ਇਸ਼ਰਤ ਹੀ ਸੁਖੀ ਜੀਵਨ ਲਈ ਜ਼ਰੂਰੀ ਜਾਪਦੇ ਹਨ। ਫਿਰ ਸਰੀਰਕ ਲੋੜਾਂ ਆਪ ਮੁਹਾਰੇ ਵਧ ਜਾਂਦੀਆਂ ਹਨ ਜਿੰਨਾਂ ਨੂੰ ਪੂਰਾ ਕਰਨ ਲਈ ਚੋਖੇ ਧਨ ਦੀ ਲੋੜ ਪ੍ਰਤੀਤ ਹੁੰਦੀ ਅਤੇ ਧਨ ਲਈ ਧਕੇ, ਫਰੇਬ, ਜ਼ੁਲਮ ਤੇ ਪਖੰਡ ਕਰਨੇ ਪੈ ਜਾਂਦੇ ਹਨ। ਇਨ੍ਹਾਂ ਤੋਂ ਅੰਤ ਸਿਟਾ ਦੁਖ, ਕਸ਼ਟ ਤੇ ਖੁਆਰੀ ਵਿਚ ਨਿਕਲਦਾ ਹੈ। ਜਿਨਾਂ ਬਾਹਰਲੀਆਂ ਚੀਜ਼ਾਂ ਨੂੰ ਸੁਖ ਸਮਝ ਕੇ ਉਹਨਾਂ ਦੀ ਪ੍ਰਾਪਤੀ ਲਈ ਅੰਨ੍ਹੇ ਹੋਏ ਫਿਰੀਦਾ ਹੈ ਉਹਨਾਂ ਵਿਚੋਂ ਸੁਖ ਨਹੀਂ ਨਿਕਲਦਾ, ਸਗੋਂ ਸਾਰੇ ਕਲਪਤ ਸੁਖ ਦੁਖ ਵਿਚ ਬਦਲ ਜਾਂਦ ਹਨ। ਪਦਾਰਥਾਂ ਦੇ ਭੋਗਦਿਆਂ ਰੋਗ ਪੈਦਾ ਹੋ ਜਾਦੇ ਹਨ ਤੇ ਮੁੜ ਪਦਾਰਥ ਭੋਗਣ ਦੀ ਸ਼ਕਤੀ ਵੀ ਨਹੀਂ ਰਹਿੰਦੀ। ਇਹ ਹਾਲਤ ਗਲਤ ਕੀਮਤਾਂ ਦਾ ਹੀ ਸਿਟਾ ਹੁੰਦੀ ਹੈ। ਗਲਤ ਕੀਮਤਾਂ ਦੀ ਇਸ ਉਲਥ ਪੁਲਥ ਨੂੰ ਗੁਰੂ ਜੀ ਇਉਂ ਵਰਨਣ ਕਰਦੇ ਹਨ

'ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ ॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ (ਗਉੜੀ ਮਹਲਾ ੧)

ਪਰ ਕਦੇ ਕਦੇ ਸੰਸਾਰ ਅੰਦਰ ਜੀਵਨ-ਮੁਕਤਿ ਬੰਦੇ ਵੀ ਆਏ ਹਨ ਜਿਨਾਂ ਪਦਾਰਥਾਂ ਨੂੰ ਲਤ ਮਾਰੀ ਹੈ, ਰੋੜਾਂ ਤੇ ਵਿਛਾਈ ਕਰਕੇ ਵਡਾ ਅਨੰਦ ਅਨੁਭਵ ਕੀਤਾ ਹੈ, ਤਤੇ ਤਵਿਆਂ ਤੇ ਚੌਕੜੀ ਮਾਰ ਕੇ ਮੌਤ ਨੂੰ ਮਖੌਲ ਕੀਤਾ ਹੈ, ਗਰਮ ਰੇਤੇ ਸਿਰਾਂ ਤੇ ਪਵਾਏ ਹਨ, ਘਰ ਬਾਹਰ ਬਰਬਾਦ ਕਰਵਾ ਕੇ ਵੀ ਖੁਸ਼ੀ ਦੀ ਇਕ ਅਸਚਰਜ ਝੂਮ ਵਿਚ ਇਉਂ ਗਾਇਆ ਹੈ :

'ਯਾਰੜੇ ਦਾ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ'

ਅਜੇਹੇ ਬੰਦੇ ਦੁਖ ਸੁਖ ਦੇ ਸੰਸਾਰੀ ਮਾਪਾਂ ਤੋਂ ਉਤੇ ਉਠੇ ਸਨ, ਸਰੀਰਕ ਜੀਵਨ ਤੇ ਤ੍ਰਿੰਨ ਗੁਣੀ ਮਾਇਆ ਦੇ ਪ੍ਰਭਾਵ ਨੂੰ ਕਬੂਲ ਕਰਨੋਂ ਨਾਂਹ ਕਰ ਦਿਤੀ ਸੀ ਅਤੇ ਆਤਮ ਮੰਡਲ ਵਿਚ ਰਹਿ ਕੇ ਵਿਰੋਧੀ ਹਾਲਤ ਵਿਚ ਵੀ ਆਤਮਕ ਜੀਵਨ ਦੇ ਅਤੁਟ ਅਨੰਦ ਪ੍ਰਾਪਤ ਕੀਤੇ ਸਨ । ਉਨ੍ਹਾਂ ਦੇ ਸਰੀਰਕ ਸਵਾਦ ਤੇ ਖਿਚਾਂ ਸਭ ਪਿਛੇ ਰਹਿ ਗਈਆਂ ਸਨ । ਇਸ ਦਾ ਮਤਲਬ ਇਹ ਹੈ ਕਿ ਸੁਖ ਦੁਖ ਸੰਬੰਧੀ ਕੀਮਤਾਂ ਵਿਚ ਫਰਕ ਹੋ ਜਾਂਦਾ ਹੈ । ਹਉਮੈ ਤੇ ਬਸਮਝੀ ਦੇ ਮੰਡਲ ਵਿਚ ਸੁਖ ਦੁਖ ਦਾ ਮੁਲ ਹੋਰ ਹੈ । ਇਕ ਨਜ਼ਰ ਵਿਚ ਮਾਇਕੀ ਪਦਾਰਥ ਤੇ ਉਹਨਾਂ ਦੇ ਭੋਗ, ਧਨ, ਇਜ਼ਤ, ਮਾਣ ਤੇ ਰਸੂਖ ਆਦਿਕ ਜੀਵਨ ਦਾ ਮਨੋਰਥ ਹੁੰਦੇ ਹਨ ਤੇ ਦੂਜੀ ਨਜ਼ਰ ਵਿਚ ਇਨ੍ਹਾਂ ਦੇ ਤਿਆਗ ਵਿਚ ਕਲਿਆਨ ਸਮਝੀ ਜਾਂਦੀ ਹੈ । ਇਕ ਪਾਸੇ ਅਗਿਆਨਤਾ ਦੇ ਕਾਰਨ ਮਨੁੱਖ ਅੰਨ੍ਹੇ ਬੋਲੇ ਤੇ ਗੂੰਗੇ ਹੋ ਜਾਂਦੇ ਹਨ ਤੇ ਭੰਭਲ ਭੂਸੇ ਖਾਂਦੇ ਹਨ ਤੇ ਦੂਜੇ ਪਾਸੇ ਆਤਮ ਮੰਡਲ ਦੇ ਸਦੀਵੀ ਸੁਖਾਂ ਦੀ ਪ੍ਰਾਪਤੀ ਨਾਲ ਪਦਾਰਥਕ ਸੁਖ ਵਿਸਰ ਜਾਂਦੇ ਹਨ । ਜੀਵਨ ਕੁਦਰਤੀ ਹੋ ਜਾਂਦਾ ਹੈ । ਇਸ ਜੀਵਨ ਤੋਂ ਉਪਜੇ ਸੁਖਾਂ ਨੂੰ ਹੋਰ ਸੁਖਾਂ ਤੋਂ ਨਿਖੇੜ ਕੇ ਦਸਣ ਲਈ ਇਨ੍ਹਾਂ ਨੂੰ ਸਹਜ ਸੁਖ ਕਿਹਾ ਜਾਂਦਾ ਹੈ । ਸਹਜ ਅਵਸਥਾ ਆਤਮਾ ਦੀ ਉਹ ਉਚੀ ਬ੍ਰਹਮ ਗਿਆਤਤਾ ਦੀ ਹਾਲਤ ਹੈ ਜਿਸ ਵਿਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਤੇ ਕੁਦਰਤੀ ਆਪੇ ਵਿਚ ਟਿਕ ਜਾਂਦੀ ਹੈ । ਇਸ ਵਿਚ ਭਰਮ, ਭੁਲੇਖੇ ਅਤੇ ਗਲਤ ਸੋਚਨੀਆਂ ਸੁਭਾਵਿਕ ਮਿਟ ਜਾਂਦੇ ਹਨ । ਨੇਕੀ, ਪਿਆਰ, ਪਰਉਪਕਾਰ ਤੇ ਸੇਵਾ ਆਪੇ ਫੁਟ ਫੁਟ ਨਿਕਲਦੇ ਹਨ । ਸਰੀਰ, ਮਨ ਤੇ ਆਤਮਾ ਨਵੇਂ ਨਰੋਏ ਹੋ ਜਾਂਦੇ ਹਨ । ਇਸ ਜੀਵਨ ਵਿਚ ਕੋਈ ਦਿਖਾਵਾ ਨਹੀਂ ਰਹਿ ਜਾਂਦਾ । ਨੇਕੀ ਦੀ ਤਰਫ ਝੁਕਾਉ ਸੁਤੇ ਹੁੰਦਾ ਹੈ, ਕਿਸੇ ਹਠ, ਲਾਲਚ ਜਾਂ ਡਰ ਕਰਕੇ ਨਹੀਂ ਕਿਉਂਕਿ ਇਹ ਨੇਕੀ ਉਸ

ਕੁਦਰਤੀ ਆਪੇ ਤੋਂ ਨਿਕਲਦੀ ਹੈ ਜੋ ਅਪਣੇ ਨਿਰੋਲ ਰੂਪ ਵਿਚ ਪਿਆਰ, ਨੇਕੀ ਤੇ ਸਚ ਦਾ ਮੁਜੱਸਮਾਂ ਹੈ। ਤਦੋਂ ਮਨੁੱਖ ਆਪਣੇ ਅਸਲ ਘਰ ਵਿਚ ਆ ਜਾਂਦਾ ਹੈ। ਤੇ ਅਪਣੇ ਕੁਦਰਤੀ ਤੇ ਅਸਲ ਆਪੇ ਦੀ ਪਛਾਣ ਕਰ ਲੈਂਦਾ ਹੈ। ਫਿਰ ਉਸ ਨੂੰ ਸੁਖ ਬਾਹਰੋਂ ਲਭਣ ਦੀ ਲੋੜ ਨਹੀਂ ਹੁੰਦੀ। ਸੁਖ ਕਿਸੇ ਅਸਮਾਨੀ ਬਹਿਸ਼ਤ ਵਿਚ ਨਹੀਂ ਤੇ ਨਾ ਹੀ ਮਰ ਕੇ ਪ੍ਰਾਪਤ ਕਰਨ ਵਾਲੀ ਚੀਜ਼ ਹੈ। ਅਰੋਗਤਾ ਤੇ ਅਨੰਦ ਦੇ ਅਤੁਟ ਚਸ਼ਮੇ ਅੰਦਰ ਹੀ ਫੁਟ ਪੈਂਦੇ ਹਨ। ਜਦ ਅਖਾਂ ਖੁਲ ਜਾਂਦੀਆਂ ਹਨ ਤੇ ਗਿਆਨ ਦੇ ਪ੍ਰਕਾਸ਼ ਨਾਲ ਆਤਮਕ ਜਾਗ੍ਰਤ ਪ੍ਰਾਪਤ ਹੋ ਜਾਂਦੀ ਹੈ ਤਾਂ ਨਿਜਾਨੰਦ ਅੰਦਰ ਵਰਤ ਜਾਂਦੀ ਹੈ। ਇਹੋ ਫਿਰ ਬਾਹਰ ਆ ਕੇ ਸਭ ਚੀਜ਼ਾਂ ਨੂੰ ਸੁੰਦਰ ਤੇ ਸੁਖਦਾਈ ਕਰ ਦਿੰਦੀ ਹੈ, ਇਹ ਸਦ-ਬਸੰਤ ਦੀ ਹਾਲਤ ਹੈ :

'ਮਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ' (ਬਸੰਤ ਮਹਲਾ ੧)

ਸਭ ਖੇੜਾ ਹੀ ਖੇੜਾ ਹੋ ਜਾਂਦਾ ਹੈ, ਬੁਰਾਈ ਜਾਂ ਦੁਖ ਕਿਤੇ ਰਹਿੰਦਾ ਹੀ ਨਹੀਂ। ਪਰ ਇਹ ਤਦੋਂ ਹੁੰਦਾ ਹੈ ਜਦੋਂ ਅਤਮਾਂ ਨੇ ਆਪਣੇ ਆਪ ਨੂੰ ਸਰਬ-ਆਤਮਾ ਜੋ ਸਤ, ਚਿਤ ਤੇ ਅਨੰਦ ਸਰੂਪ ਹੈ ਨਾਲ ਜੋੜ ਲਿਆ ਹੁੰਦਾ ਹੈ। ਹਰ ਸੁਖ ਤੇ ਹਰ ਦੁਖ ਦੀ ਜੜ੍ਹ ਅਪਣੇ ਹੀ ਅੰਦਰ ਹੁੰਦੀ ਹੈ। ਜਿਵੇਂ ਸ਼ੇਰ ਆਪਣੇ ਆਪ ਨੂੰ ਭੁਲ ਕੇ ਘੋੜਿਆਂ ਵਿਚ ਜਾ ਰਲੇ ਤੇ ਜੁਤੀਆਂ ਖਾਵੇ, ਜਾਂ ਜਿਵੇਂ ਕੋਈ ਰਾਜ ਕੁਮਾਰ ਛੀਂਬਾਂ ਵਿਚ ਰੁਲਦਾ ਫਿਰੇ, ਜਾਂ ਜਿਵੇਂ ਮਿਰਗ ਕਸਤੂਰੀ ਦੀ ਭਾਲ ਵਿਚ, ਬਾਹਰ ਭਟਕਦਾ ਫਿਰੇ, ਤਿਵੇਂ ਅੰਦਰ ਦੀ ਬਾਦਸ਼ਾਹਤ ਤੋਂ ਅੰਜਾਣ ਜੀਵ ਬਾਹਰ ਭਟਕਦਾ ਰਹਿੰਦਾ ਹੈ। ਪਰ ਜੋ ਅੰਦਰ ਨਿਜ-ਸਰੂਪ ਵਿਚ ਚਲਾ ਜਾਂਦਾ ਹੈ, ਉਸ ਲਈ ਕੁਝ ਵੀ ਮਾੜਾ ਜਾਂ ਦੁਖਦਾਇਕ ਨਹੀਂ ਰਹਿ ਜਾਂਦਾ। ਉਸ ਦੇ ਸਾਰੇ ਸਰੀਰਕ, ਮਾਨਸਿਕ ਤੇ ਅਧਿਆਤਮਕ ਰੋਗ ਕਟੇ ਜਾਂਦੇ ਹਨ। ਉਹ ਜੀਵਨ-ਮੁਕਤ ਹੋ ਜਾਂਦਾ ਹੈ। ਕਿਤਨੀ ਖੂਬਸੂਰਤ ਇਹ ਮਨ ਦੀ ਹਾਲਤ ਹੈ ਜਿਸ ਵਿਚ ਲਗਾਤਾਰ ਅਨੰਦ ਹੀ ਅਨੰਦ ਹੈ। ਇਥੇ ਛਿਨ ਭੰਗਰ ਦੁਖ ਸੁਖ, ਹਾਣ ਲਾਭ ਸਨੇਹ ਵਿਰੋਧ, ਹਰਖ ਸੋਗ, ਉਸਤਤ ਨਿੰਦਾ, ਮਾਨ ਅਪਮਾਨ ਆਦਿਕ ਦੀ ਕੀ ਮਜ਼ਾਲ ਹੈ ਕਿ ਨੇੜੇ ਵਟਕਨ ? ਏਥੇ ਦੋਸਤ ਤੇ ਦੁਸ਼ਮਣ ਦੇ ਫਰਕ ਕਿਥੇ ਹਨ ? ਏਥੇ ਅਪੜਿਆ ਪੁਰਸ਼ ਰਬ ਦੀ ਰਚੀ ਸਚੀ ਤੇ ਸੁੰਦਰ ਦੁਨੀਆਂ ਦਾ ਵਾਸੀ ਹੋ ਗਿਆ ਹੈ। ਅਗਿਆਨੀ ਜੀਵ ਮੋਹ ਮਾਇਆ ਤੇ ਲਾਲਚ ਅਧੀਨ ਹੋ ਕੇ ਇਕ ਅਪਣਾ ਜਗਤ ਰਚਾ ਲੈਂਦੇ ਹਨ ਜੋ 'ਝੂਠਾ' ਤੇ 'ਕੂੜਾ'

ਹੁੰਦਾ ਹੈ। ਇਸ ਵਿਚ ਪਿਆਰ ਉਹਨਾਂ ਚੀਜ਼ਾਂ ਵਿਚ ਲਗਦਾ ਹੈ ਜੋ ਛਿਨ ਭੰਗਰ ਹਨ ਤੇ ਜਿਨ੍ਹਾਂ ਤੋਂ ਅੰਤ ਦੁਖ ਨਿਕਲਦਾ ਹੈ। ਇਹ ਕੂੜੀ ਦੁਨੀਆਂ ਰਬ ਦੀ ਦੁਨੀਆਂ ਨਹੀਂ, ਇਹ ਅਗਿਆਨੀ ਜੀਵ ਨੇ ਆਪ ਹੀ ਖੜੀ ਕਰ ਲਈ ਹੈ। ਇਸ ਨੂੰ 'ਧੂੰਏਂ ਕਾ ਪਹਾੜ', 'ਸੁਪਨਾ', 'ਰੇਤ ਦੀ ਕੰਧ', 'ਮ੍ਰਿਗ ਤ੍ਰਿਸ਼ਨਾ', 'ਬਾਦਰ ਕੀ ਛਾਈ' ਸਮਝਿਆ ਜਾਣਾ ਚਾਹੀਦਾ ਹੈ, ਪਰ ਇਸ ਕੂੜ ਦੀ ਦੁਨੀਆ ਨੂੰ ਢਾਹਿਆ ਜਾ ਸਕਦਾ ਹੈ ਕਿਉਂਕਿ ਇਹ ਮੂਲੋਂ ਹੀ ਗਲਤ ਤੇ ਗੈਰ-ਕੁਦਰਤੀ ਕੀਮਤਾਂ ਤੇ ਖੜੀ ਕੀਤੀ ਗਈ ਹੈ। ਤਦੋਂ ਸਹਜ ਪ੍ਰਾਪਤ ਕਰ ਲਈਦਾ ਹੈ ਅਰਥਾਤ ਅਸਲ ਆਪੇ ਵਿਚ ਦਾਖਲ ਹੋ ਜਾਈਦਾ ਹੈ। ਫਿਰ ਸਭ ਵਿਚਾਰ ਦਰੁਸਤ ਹੁੰਦੇ ਹਨ ਕਿਉਂਕਿ ਜੀਵਨ ਕੀਮਤਾਂ ਹੀ ਸਹੀ ਹੋ ਗਈਆਂ ਹੁੰਦੀਆਂ ਹਨ। ਜੀਵਨ ਲਗਾਤਾਰ ਕੁਦਰਤੀ ਤਰੀਕੇ ਨਾਲ ਹਰੀ ਦੇ ਹੁਕਮ ਵਿਚ ਤੁਰਦਾ ਹੈ। ਏਸੇ ਲਈ ਇਸ ਨੂੰ ਸਹਜ ਯੋਗ ਕਹਿਆ ਗਿਆ ਹੈ:

'ਜੋ ਕਿਛ ਕਰੈ ਸੋ ਭਲਾ ਕਰਿ ਮਾਨਿਉ ਸਹਜ ਜੋਗ ਨਿਧ ਪਾਵਉ ॥'

ਭਗਤੀ ਯੋਗ, ਗਿਆਨ ਯੋਗ ਤੇ ਕਰਮ ਯੋਗ ਤਿੰਨੇ ਹੀ ਸਾਵੀਂ ਤਰ੍ਹਾਂ ਮਿਲ ਕੇ ਇਸ ਯੋਗ ਨੂੰ ਬਣਾਂਦੇ ਹਨ। ਇਸ ਦਾ ਸੰਬੰਧ ਮਨ, ਆਤਮਾ ਨਾਲ ਹੈ, ਬਾਹਰਲੇ ਭੇਖ, ਕਰਮ ਕਾਂਡ ਤੇ ਪੂਜਾ ਪਾਠ ਨਾਲ ਨਹੀਂ। ਇਹ ਕੋਈ ਚੰਦ ਚੋਣਵੇਂ ਗਿਆਨੀਆਂ, ਨਾਥਾਂ, ਸਿਧਾਂ ਜਾਂ ਤੱਪਸਵੀਆਂ ਲਈ ਹੀ ਨਹੀਂ, ਹਰ ਕੋਈ ਇਸ ਦਾ ਹਕਦਾਰ ਹੈ ਜੇ ਉਸ ਨੂੰ ਇਸ ਦੀ ਪ੍ਰਾਪਤੀ ਦਾ ਵਲ ਆਂਵਦਾ ਹੋਵੇ। ਹਰੀ ਦੇ ਅਤਿ ਪ੍ਰੇਮ ਤੋਂ ਉਪਜੀ ਇਹ ਕੋਈ ਚੀਜ਼ ਹੈ ਜੋ ਮੇਲ ਦੀ ਸੂਚਕ ਹੈ। ਗੁਰੂ ਸਾਹਿਬ ਦੇ ਆਪਣੇ ਨਿਜੀ ਤਜਰਬੇ ਅਨੁਸਾਰ ਇਹ ਮਨੁੱਖੀ ਵਿਕਾਸ ਦਾ ਆਖਰੀ ਪੜਾਉ ਹੈ। ਇਸ ਦਾ ਖੋਲ੍ਹ ਕੇ ਵਿਸਥਾਰ ਅਸਾਂ ਇਸ ਲਈ ਦਿਤਾ ਹੈ ਕਿ ਯੋਗੀਆਂ ਦੇ ਕਿਆਸ ਦੇ ਜੀਵਨ-ਮੁਕਤ ਨਾਲ ਗੁਰੂ ਜੀ ਦੇ ਕਿਆਸ ਦਾ ਜੀਵਨ ਮੁਕਤ ਸੱਪਸ਼ਟ ਹੋ ਕੇ ਦਿਸ ਪਏ। ਇਸ ਜੀਵਨ ਮੁਕਤ ਮਨੁੱਖ ਦੇ ਕਦਮ ਤਾਂ ਸੰਸਾਰ ਵਿਚ ਹੀ ਹੁੰਦੇ ਹਨ ਪਰ ਇਸ ਦੀ ਸੁਰਤ ਵਿਚ ਪ੍ਰਮਾਤਮਾ ਵਸਦਾ ਹੈ ਜੋ ਇਸ ਨੂੰ ਜਗਤ ਵਿਚ ਤੋਰਦਾ ਹੈ। ਇਸੇ ਲਈ ਹੀ ਇਹ ਭਗਤ ਹੈ, ਗਿਆਨੀ ਹੈ, ਬੇਗਰਜ਼ ਸੇਵਕ ਹੋ ਕੇ ਵਿਚਰਦਾ ਹੈ, ਹਰੀ ਦੇ ਹੁਕਮ ਵਿਚ ਵਿਚਰਦਾ ਹੈ।

ਉਪਰ ਮੁਕਤੀ ਦੇ ਸਰੂਪ ਦੀ ਵਿਆਖਿਆ ਦਿਤੀ ਗਈ ਹੈ। ਇਹ ਆਤਮਾ

ਦੇ ਪ੍ਰਮਾਤਮਾ ਨਾਲ ਮੇਲ ਦਾ ਹੀ ਨਾਮ ਹੈ, ਤੇ ਸਹਜ ਵਿਚ ਜਾ ਕੇ ਹੁੰਦਾ ਹੈ। ਇਹੋ ਹੀ ਸਚ ਤੀਕ ਅਪੜਨਾ ਹੈ ਜਿਸ ਦਾ ਜ਼ਿਕਰ ਰਹਾਉ ਦੇ ਪਹਿਲੇ ਬੰਦ ਵਿਚ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਸਚ ਤੀਕ ਅਪੜਨਾ ਹੋਵੇ ਕਿਵੇਂ ? ਕਿਵੇਂ ਕੋਈ ਸਚੇ ਹਰੀ ਤਕ ਅਪੜੇ ਜਿਥੇ ਅਪੜਨ ਨਾਲ ਸਭ ਦੁਖ ਦਰਦ ਦੂਰ ਹੋ ਜਾਂਦੇ ਹਨ ਤੇ ਸਦੀਵੀਂ ਸੁਖ ਪ੍ਰਾਪਤ ਹੋ ਜਾਂਦਾ ਹੈ। ਉਤਰ ਰਹਾਉ ਦੀ ਤੁਕ ਦੇ ਦੂਜੇ ਬੰਦ ਵਿਚ ਹੈ-ਸਚੇ ਸ਼ਬਦ ਦਵਾਰਾ। ਏਥੇ ਵੀ ਗੁਰੂ ਜੀ ਦਾ ਯੋਗੀਆਂ ਨਾਲ ਇਕ ਹੋਰ ਵਡਾ ਮਤ-ਭੇਦ ਹੈ। ਯੋਗੀ ਯਮ, ਨਿਯਮ ਨਾਲ ਆਪਣੇ ਯਤਨਾਂ ਦਾ ਆਰੰਭ ਕਰਦੇ ਹਨ ਜੋ ਗੁਰੂ ਜੀ ਨੂੰ ਸਮੁਚੇ ਤੌਰ ਤੇ ਪਰਵਾਨ ਨਹੀਂ ਭਾਵੇਂ ਤਪ ਆਦਿਕ ਨੂੰ ਉਹ ਕੁਦਰਤੀ ਹੱਦਾਂ ਵਿਚ ਰਖਣ ਦੇ ਹਕ ਵਿਚ ਹਨ। ਖੈਰ ! ਗੁਰੂ ਜੀ ਇਸ ਸਚਾਈ ਨੂੰ ਖੂਬ ਜਾਣਦੇ ਹਨ ਕਿ ਸੁਚਤਾ ਤੋਂ ਬਿਨਾਂ ਕੋਈ ਯਤਨ ਸਿਰੇ ਨਹੀਂ ਚੜ੍ਹ ਸਕਦਾ। ਸਚ ਤੀਕ ਅਪੜਨ ਲਈ ਪਹਿਲੋ ਸੁਚਾ ਹੋਣਾ ਜ਼ਰੂਰੀ ਹੈ। ਸਚੇ ਤੇ ਮੈਲੇ ਦਾ ਜੋੜ ਕਿਵੇਂ ਹੋ ਸਕਦਾ ਹੈ ? ਸਚ ਸੁਚੇ ਭਾਂਡੇ ਵਿਚ ਹੀ ਰਖਿਆ ਜਾ ਸਕਦਾ ਹੈ। ਸੋ ਸਚ ਨੂੰ ਯੋਗ ਦੀ ਬੁਨਿਆਦ ਬਨਾਣਾ ਠੀਕ ਹੈ। ਮਸਲਨ ਕਾਮਾਦਿਕ ਤੋਂ ਬਚ ਕੇ ਹੀ ਕੋਈ ਯੋਗੀ ਯੋਗ ਸਿਖਣ ਜੋਗਾ ਹੁੰਦਾ ਹੈ :

'ਪੰਚ ਮਾਰ ਚਿਤੁ ਰਖਹੁ ਥਾਇ ।

ਜੋਗ ਜੁਗਤਿ ਕੀ ਇਹੈ ਪਾਂਇ ।' (ਬਸੰਤ ਮਹਲਾ ੧)

ਅਰਥਾਤ 'ਪਹਿਲਾਂ ਕਾਮਦਿਕ ਪੰਜ ਅਵਗੁਣਾਂ ਨੂੰ ਮਾਰ ਕੇ ਚਿਤ ਨੂੰ ਅਪਣੇ ਟਿਕਾਣੇ ਲਿਆਉ । ਯੋਗ ਦੀ ਜੁਗਤੀ ਦੀ ਇਹੋ ਪਕੀ ਨੀਂਹ (ਬੁਨਿਆਦ) ਹੈ ।' ਪਰ ਇਸ ਤੋਂ ਅਗੇ ਯੋਗੀਆਂ ਦੇ ਆਸਣ ਤੇ ਪ੍ਰਾਣਾਯਾਮ ਆਦਿਕ ਕਠਨ ਸਾਧਨ ਹਨ ਜਿਨ੍ਹਾਂ ਨੂੰ ਕੋਈ ਵਿਰਲਾ ਹੀ ਦ੍ਰਿੜਤਾ ਨਾਲ ਤੇ ਤਕਨੀਕ ਅਨੁਸਾਰ ਸਿਰੇ ਚਾੜ੍ਹ ਸਕਦਾ ਹੈ। ਪਹਿਲਾਂ ਆਸਣ ਸਾਧਨੇ ਹਨ ਤੇ ਫਿਰ ਪ੍ਰਾਣਾਯਾਮ ਦੀ ਕ੍ਰਿਆ ਵਿਚ ਪੈਣਾ ਹੈ, ਪ੍ਰਾਣ ਜੀਵਨ ਅੰਦਰ ਨਿਰਸੰਦੇਹ ਇਕ ਅਹਿਮ ਸ਼ਕਤੀ ਹੈ। ਇਹੋ ਕਾਰਨ ਹੈ ਕਿ ਯੋਗੀਆਂ ਨੇ ਮਨ ਨੂੰ ਟਿਕਾਣ ਅਤੇ ਇਸ ਤਰ੍ਹਾਂ ਸ਼ਕਤੀਸ਼ਾਲੀ ਬਨਾਣ ਲਈ ਸੁਆਸਾਂ ਨੂੰ ਸਾਧਨ ਦੇ ਅਮਲ ਨੂੰ ਪ੍ਰਵਾਣ ਕਰ ਲਿਆ ਹੋਇਆ ਸੀ। ਜੇ ਸੁਆਸਾਂ ਨੂੰ ਸਾਧ ਲਿਆ ਜਾਏ ਤਾਂ ਮਨ ਦਾ ਕੰਟਰੋਲ ਆਸਾਨ ਹੋ ਜਾਂਦਾ ਹੈ। ਗੁਰੂ ਸਾਹਿਬ ਵੀ ਇਨਾਂ ਸਾਧਨਾਂ ਨੂੰ ਨਿਸਫਲ ਨਹੀਂ ਸਮਝਦੇ। ਜੇ ਇਨਾਂ ਸਾਧਨਾਂ ਦਾ

ਘੇਰਾ ਸਰੀਰ ਦੇ ਮਨ ਦੀਆਂ ਹਦਾਂ ਵਿਚ ਵੀ ਸੀਮਤ ਰਹਿੰਦਾ ਹੋਵੇ ਤਾਂ ਵੀ ਇਹ ਗੁਣਕਾਰੀ ਹੋ ਸਕਦਾ ਹੈ। ਕੀ ਅਜ ਕਲ ਦੇ ਕਈ ਸਾਇੰਸਦਾਨ ਇੰਨਾਂ ਹਦਾਂ ਵਿਚ ਹੀ ਰਹਿ ਕੇ ਕਈ ਅਨੋਖੇ ਤੇ ਲਾਭਵੰਦੇ ਤਜਰਬੇ ਨਹੀਂ ਕਰ ਰਹੇ ? ਮਸਲਨ, ਦਿਮਾਗ ਦੇ ਦੋ ਅਧਾਂ ਵਿਚਾਲੇ ਇਕ ਗਿਲਟੀ (ਗੁੰਥੀ) ਜਿਸ ਨੂੰ ਹੁਣ ਤਕ ਵਾਧੂ ਤੇ ਬੇਲੋੜੀ ਹੀ ਸਮਝਿਆ ਜਾਂਦਾ ਸੀ, ਹੁਣ ਇਸ ਬਬਤ ਇਹ ਕਿਆਸ ਹੈ ਕਿ ਇਹ ਗੁੰਥੀ ਸ਼ਾਇਦ ਕਿਸੇ ਸਮੇਂ ਤੀਜੀ ਅੱਖ ਸਾਬਤ ਹੋਵੇ ਜਿਸ ਤੋਂ ਉਹਨਾਂ ਗੱਲਾਂ ਦੇ ਪਤੇ ਲਗਨ ਜੋ ਉਂਞ ਓਝਲ ਰਹਿੰਦੀਆਂ ਹਨ। ਤਿਵੇਂ ਹੀ ਯੋਗੀਆਂ ਦੇ ਕਈ ਸਾਧਨ, ਭਾਵੇਂ ਮਨ ਤੇ ਸਰੀਰ ਦੀਆਂ ਹਦਾਂ ਤਕ ਹੀ ਸੀਮਤ ਹੋਣ ਕਈ ਪਹਿਲੂਆਂ ਤੋਂ ਗੁਣਕਾਰੀ ਸਾਬਤ ਹੋ ਜਾਂਦੇ ਸਨ। ਇੜਾ, ਪਿੰਗਲਾ ਆਦਿਕ ਦੇ ਮੇਲ ਨਾਲ ਤੇ ਕੁੰਡਲਣੀ (ਸਰਪ-ਸ਼ਕਤੀ) ਦੇ ਖੁਲਣ ਨਾਲ ਐਸਾ ਅਥਾਹ ਅਨੰਦ ਤੇ ਪ੍ਰਕਾਸ਼ ਹੋ ਜਾਂਦਾ ਸੀ ਜਿਸ ਨਾਲ ਜੀਵਨ ਦਾ ਰੰਗ ਹੀ ਬਦਲ ਜਾਂਦਾ ਸੀ। ਇਹ ਇਕਾਗਰਤਾ ਪ੍ਰਾਪਤ ਕਰਨ ਲਈ ਸਹਾਇਕ ਹੋ ਕੇ ਸਮਾਧੀ ਲਈ ਰਾਹ ਸਾਫ ਕਰਦੇ ਸਨ। ਇਸ ਲਈ ਜੇ ਕੋਈ ਸਾਧਕ ਇਨ੍ਹਾਂ ਨੂੰ ਸਹਾਰਾ ਬਣਾ ਕੇ ਅਗ੍ਹਾਂ ਤੁਰ ਪੈਂਦਾ ਸੀ ਤੇ ਅਪਣੇ ਅੰਦਰ ਵੜ ਕੇ ਅਪਣੇ ਸਰੂਪ ਨੂੰ ਵੇਖ ਲੈਂਦਾ ਸੀ ਤਾਂ ਉਸ ਦਾ ਯੋਗ ਸਫਲ ਹੋ ਜਾਂਦਾ ਸੀ। ਉਸ ਦਾ ਰਾਹ ਠੀਕ ਕਠਨ ਤੇ ਲੰਮਾ ਚੌੜਾ ਸੀ ਪਰ ਜੇ ਉਸ ਅੰਤਮ ਟਿਕਾਣੇ ਤੇ ਪੁਜ ਜਾਂਦਾ ਸੀ ਤਾਂ ਉਸ ਦਾ ਯਤਨ ਸਫਲ ਸਮਝਿਆ ਜਾ ਸਕਦਾ ਹੈ। ਦੂਜੇ ਪਾਸੇ ਜੇ ਕੋਈ ਸਾਧਕ ਇੰਨਾਂ ਸਧਨਾਂ ਵਿਚ ਹੀ ਪਿਆ ਰਹਿੰਦਾ ਹੋਵੇ ਤੇ ਅਪਣਾ ਨਿਸ਼ਾਨਾ ਕੇਵਲ ਉਸ ਅੰਮ੍ਰਿਤ ਨੂੰ ਬਣਾਂਦਾ ਹੋਵੇ ਜੋ ਦਸਮ ਦੁਆਰ 'ਤੇ ਪੈਂਦਾ ਹੈ ਜਾਂ ਅਨਹਦ ਸ਼ਬਦ ਦੇ ਕੰਨ ਰਸ ਨੂੰ ਅਪਣੀ ਭਾਲ ਦਾ ਅੰਤਮ ਮੰਤਵ ਸਮਝ ਲੈਂਦਾ ਹੋਵੇ ਤਾਂ ਉਹ ਯੋਗ ਦੇ ਰਾਹੋਂ ਖੁੰਝ ਗਿਆ ਹੈ। ਆਖ਼ਰ ਇਸ ਤਰ੍ਹਾਂ ਦੇ ਅੰਮ੍ਰਿਤ ਤੇ ਇਸ ਤਰ੍ਹਾਂ ਦੇ ਸ਼ਬਦ ਦਾ ਅਨੰਦ ਜੋ ਨਿਰਾ ਜੀਭ ਜਾਂ ਕੰਨ ਨੂੰ ਰਸ ਦੇਣ ਵਾਲਾ ਹੋਵੇ, ਉਹ ਭਾਵੇਂ ਕਿਤਨਾ ਵੀ ਰਸਦਾਇਕ ਹੋਵੇ ਆਖਰ ਇੰਦ੍ਰਿਕ ਹੀ ਹੈ। ਉਹ ਆਤਮਾ ਦੀ ਖ਼ੁਰਾਕ ਕਿਵੇਂ ਬਣ ਸਕਦਾ ਹੈ। ਹਾਂ, ਇਹ ਹੋ ਸਕਦਾ ਹੈ ਕਿ ਇਸ ਤਰ੍ਹਾਂ ਅਨੰਦ ਨਾਲ ਭਰੇ ਤੇ ਹੌਲੇ ਹੋਏ ਸਰੀਰ ਵਿਚ ਵਸਦੀ ਆਤਮਾ ਲਈ ਉਚਾ ਚੜ੍ਹਨਾ ਆਸਾਨ ਹੋ ਜਾਏ ਜਿਵੇਂ ਰਾਗ ਦੀ ਵਰਤੋਂ ਨਾਲ ਮਨੁੱਖੀ ਆਤਮਾ ਹਿਲੂਣੇ ਖਾਂਦੀ ਤੇ ਉਤਸ਼ਾਹਤ ਹੁੰਦੀ ਉਤਾਂ ਆਤਮ ਮੰਡਲ ਵਿਚ ਚੜ੍ਹ ਸਕਦੀ ਹੈ ਜੇ ਉਸ ਦਾ ਨਿਸ਼ਾਨਾ ਠੀਕ ਹੋਵੇ। ਕੀ ਕੀਰਤਨ

ਦੇ ਅਮਲ ਵਿਚ ਰਾਗ ਦਾ ਸਹਾਰਾ ਨਹੀਂ ਲਿਆ ਜਾਂਦਾ ? ਪਰ ਰਾਗ ਨਿਸ਼ਾਨਾਂ ਨਹੀਂ ਹੈ। ਕੀਰਤਨ ਰਾਗ ਤੇ ਸ਼ਬਦ ਦਾ ਜੋੜ ਹੈ। ਜੇ ਸ਼ਬਦ ਨੂੰ ਨਜ਼ਰ ਅੰਦਾਜ਼ ਕਰ ਦਿਤਾ ਜਾਏ ਤਾਂ ਰਾਗ ਤਾਂ ਆਖਰ ਇੰਦ੍ਰਿਕ ਸਵਾਦ ਹੀ ਦੇ ਸਕਦਾ ਹੈ। ਗੁਰੂ ਸਾਹਿਬ ਦਾ ਏਥੇ ਯੋਗੀਆਂ ਨਾਲ ਵਡਾ ਮਤਿ-ਭੇਦ ਇਕ ਇਸ ਲਈ ਹੈ ਕਿ ਯੋਗੀ ਅਪਣੇ ਸਾਧਨਾਂ ਨੂੰ ਸਚੇ ਸ਼ਬਦ ਜਾਂ ਨਾਮ ਨਾਲ ਨਹੀਂ ਜੋੜਦੇ ਤੇ ਦੂਜਾ ਇਸ ਲਈ ਕਿ ਉਹ ਬੜੇ ਕਠਨ ਤੇ ਗ਼ੈਰ-ਕੁਦਰਤੀ ਤਪ ਸਾਧਨਾਂ ਵਿਚ ਲਗਦੇ ਹਨ ਤੇ ਇਸ ਲਈ ਕੋਈ ਵਿਰਲੇ ਹੀ ਤੋੜ ਚੜ੍ਹਦੇ ਹਨ। ਪਰ ਜੇ ਚੜ੍ਹ ਜਾਂਦੇ ਹਨ, ਉਹ ਮੁਬਾਰਕ ਹਨ ਭਾਵੇਂ ਉਹ ਇੰਨਾਂ ਸਾਧਨਾਂ ਨਾਲ ਹੀ ਚੜ੍ਹੇ ਹੋਣ। ਇਸ ਲਈ ਗੁਰੂ ਸਾਹਿਬ ਇੰਨਾਂ ਸਾਧਨਾਂ ਨੂੰ ਛੁਟਿਆਂਦੇ ਨਹੀਂ, ਕੇਵਲ ਇਹ ਸੰਕੇਤ ਦਿੰਦੇ ਹਨ ਕਿ ਕਠਨਕਾਰਾਂ ਵਿਚ ਕਿਉਂ ਪਿਆ ਜਾਏ ?

'ਹਠ ਨਿਗ੍ਰਹ ਕਰਿ ਕਾਇਆ ਛੀਜੈ।' (ਰਾਮਕਲੀ ਮਹਲਾ ੧)

ਉਹ ਇੰਨਾਂ ਸਾਧਨਾਂ ਦੀ ਸਾਰੀ ਤਕਨੀਕ ਹੀ ਬਦਲ ਦੇਣਾ ਚਾਹੁੰਦੇ ਹਨ। ਇੜਾ, ਪਿੰਗਲਾ ਤੇ ਸੁਖਮਨਾਂ ਦੀ ਰੂਪ ਰੇਖਾ ਹੀ ਉਹ ਇਉਂ ਬਣਾਂਦੇ ਹਨ:

'ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸ ਨਹ ਕੰਧ ਛੀਜੈ ॥
ਮੂੜੇ ਕਾਇਚੇ ਭਰਮ ਭੁਲਾ ॥ ਨਹ ਚੀਨਿਆ ਪਰਮਾਨੰਦ ਬੈਰਾਗੀ ॥'

(ਮਾਰੂ ਮਹਲਾ ੧)

ਅਰਥਾਤ 'ਹੇ ਯੋਗੀ, (ਸ਼ਬਦ ਦੁਆਰਾ) ਤਮੋ ਗੁਣੀ ਸੁਭਾਉ ਨੂੰ ਸਾੜ ਕੇ ਸੁਕਾ ਦੇ। ਇਹ ਕਰਕੇ, ਸਮਝ ਲੈ ਕਿ ਤੂੰ ਮਾਨੋ ਇੜਾ ਵਿਚ ਪ੍ਰਾਣ ਚਾੜ੍ਹੇ ਹਨ। ਸਤੋਗੁਣੀ ਸੁਭਾਉ ਨੂੰ ਤਕੜਾ ਕਰ, ਇਹੋ ਪਿੰਗਲਾ ਵਿਚ ਪ੍ਰਾਣ ਉਤਾਰਨੇ ਸਮਝ। ਜੀਵਨ ਨੂੰ ਗੁਰੂ ਜੀ ਦੀ ਦਸੀ ਜੁਗਤੀ ਵਿਚ ਤੋਰ, ਇਹੋ ਪ੍ਰਾਣਾਂ ਨੂੰ ਸੁਖਮਨਾਂ ਵਿਚ ਟਿਕਾਣਾ ਹੈ; ਇਹੋ ਜੇਹਾ ਕੋਈ ਸੁੰਦਰ ਮੇਲ ਮਿਲਾਉ, ਹੇ ਯੋਗੀ। ਇਸ ਤਰ੍ਹਾਂ ਦੀ ਜੁਗਤੀ ਨਾਲ ਮਛੀ ਦੀ ਚੰਚਲਤਾ ਵਾਲੇ ਮਨ ਨੂੰ ਕਾਬੂ ਕਰਨਾ ਚਾਹੀਦਾ ਹੈ। ਫਿਰ ਨਾ ਮਨ ਭਟਕਦਾ ਹੈ, ਨਾ ਸਰੀਰ ਨਾਸ ਹੁੰਦਾ ਹੈ। ਹੇ ਅੰਜਾਣੇ, ਤੂੰ ਉਸ ਅਨੰਦ ਸਰੂਪ ਹਰੀ ਨੂੰ ਜਾਣਿਆਂ ਹੀ ਨਹੀਂ (ਕਿ ਉਹ ਕੀ ਚਾਹੁੰਦਾ ਹੈ) ਇਸ ਯੋਗ ਦਾ ਤਤ ਇਹ ਹੈ-ਮਨ ਨੂੰ ਪਹਿਲਾਂ ਪਵਿਤ੍ਰ ਕਰਨਾ ਫਿਰ ਅਪਣੇ ਕਾਬੂ ਵਿਚ ਲਿਆਣਾ ਤੇ ਹਰੀ

ਦੇ ਪਿਆਰ ਨਾਲ ਭਰ ਕੇ ਹਰੀ ਵਿਚ ਲੀਨ ਹੋ ਜਾਣਾ। ਇਸ ਦੇ ਬਾਵਜੂਦ ਗੁਰੂ ਸਾਹਿਬ ਦੇ ਐਸੇ ਸ਼ਬਦ ਵੀ ਮਿਲਦੇ ਹਨ ਜੋ ਉਹਨਾਂ ਯੋਗੀਆਂ ਦੀ ਮਹਿਮਾ ਕਰਦੇ ਹਨ ਜੋ ਪ੍ਰਾਣਾਯਾਮ ਕਰਦੇ ਹੋਏ ਵੀ ਅਪਣੇ ਅੰਤਮ ਟੀਚੇ ਤੇ ਅਪੜ ਜਾਂਦੇ ਹਨ। ਪਰ ਜੋ ਨਿਰੇ ਹੇਠਲੇ ਅਨੰਦਾਂ ਵਿਚ ਪਏ ਰਹਿੰਦੇ ਹਨ ਉਹਨਾਂ ਦਾ ਜ਼ਿਕਰ ਉਹ ਇਉਂ ਕਰਦੇ ਹਨ :

'ਚਾੜਸਿ ਪਵਨੁ ਸਿੰਘਾਸਣੁ ਭੀਜੈ।
ਨਿਉਲੀ ਕਰਮ ਖਟ ਕਰਮ ਕਰੀਜੈ।
ਰਾਮ ਨਾਮ ਬਿਨੁ ਬਿਰਥਾ ਸਾਸ ਲੀਜੈ।' (ਮਾਰੂ ਮਹਲਾ ੧)

ਅਰਥਾਤ 'ਯੋਗੀ ਸੁਆਸਾਂ ਨੂੰ ਦਸਮ ਦੁਆਰ ਵਿਚ ਚਾੜਦਾ ਹੈ, ਮੁੜਕੇ ਨਾਲ ਉਸ ਦਾ ਸਿੰਘਾਸਣ ਵੀ ਭਿਜ ਜਾਂਦਾ ਹੈ। ਨਿਉਲੀ ਤੇ ਖਟ ਕਰਮ ਵੀ ਕਰਦਾ ਹੈ ਪਰ ਨਾਮ ਤੋਂ ਜੇ ਉਹ ਬਿਨਾਂ ਹੈ ਤਾਂ ਉਹ ਬਿਰਥਾ ਹੀ ਸਵਾਸ ਲੈਂਦਾ ਹੈ।'
ਫਿਰ ਹੋਰ :

'ਨਿਉਲੀ ਕਰਮ ਭੁਇਅੰਗਮ ਭਾਠੀ। ਰੇਚਕ ਕੁੰਭਕ ਪੂਰਕ ਮਨ ਹਾਠੀ॥
ਪਾਖੰਡੁ ਧਰਮੁ ਪ੍ਰੀਤਿ ਨਹੀ ਹਰਿ ਸਿਉ ਗੁਰਸ਼ਬਦ ਮਹਾਂ ਰਸ ਪਾਇਆ।'
(ਮਾਰੂ ਮਹਲਾ ੧)

ਅਰਥਾਤ ਕਈ ਨਿਉਲੀ ਕਰਮ ਕਰਦੇ ਹਨ ਅਤੇ ਕੁੰਡਲਨੀ ਨੂੰ ਦਸਮ ਦੁਆਰ ਵਿਚ ਖੋਹਲਦੇ ਹਨ। ਮਨ ਦੇ ਹਠ ਨਾਲ ਉਹ ਰੇਚਕ, ਪੂਰਕ ਅਤੇ ਕੁੰਭਕ ਅਭਿਆਸ ਵੀ ਕਰਦੇ ਹਨ ਪਰ ਜੇ ਉਹ ਹਰੀ ਨਾਲ ਪ੍ਰੀਤ ਨਹੀਂ ਕਰਦੇ ਤਾਂ ਉਹਨਾਂ ਦਾ ਸਾਰਾ ਧਰਮ ਕਰਮ ਪਾਖੰਡ ਹੈ। ਦੂਜੇ ਪਾਸੇ ਜਿਸ ਕਿਸੇ ਨੇ ਸ਼ਬਦ (ਨਾਮ) ਨਾਲ ਪ੍ਰੀਤ ਕੀਤੀ ਹੈ, ਉਸ ਨੇ ਹੀ ਮਹਾਂ ਆਤਮ ਰਸ ਪਾਇਆ ਹੈ।

ਉਤਲੀਆਂ ਦੋਹਾਂ ਉਦਾਹਰਨਾਂ ਵਿਚ ਸ਼ਬਦ ਤੇ ਨਾਮ ਇਕ ਹੀ ਅਰਥ ਵਿਚ ਵਰਤੇ ਹਨ। ਸਤਿਗੁਰੂ ਦਾ ਸ਼ਬਦ ਨਾਮੀ ਹਰੀ ਦੇ ਗੁਣ, ਕਰਮ ਤੇ ਸੁਭਾਉ ਦਾ ਨਿਰੂਪਣ ਕਰਦਾ ਹੈ; ਇਹ ਨਾਮ ਨੂੰ ਹੀ ਜਪਾਉਂਦਾ ਹੈ। ਇਸ ਲਈ ਸ਼ਬਦ ਦੀ ਕਮਾਈ ਨਾਮ ਦੀ ਕਮਾਈ ਦਾ ਹੀ ਇਕ ਅੰਗ ਹੈ। 'ਸਿਧ ਗੋਸ਼ਟਿ' ਵਿਚ ਅਸੀਂ ਵੇਖਾਂਗੇ ਕਿ ਗੁਰੂ ਜੀ ਨੇ ਸਿਧਾਂ ਨੂੰ ਕਈ ਪਉੜੀਆਂ ਵਿਚ ਨਾਮ ਦੀ ਮਹਾਨਤਾ ਦਸ ਕੇ ਕਠਨ ਸਾਧਨਾਂ ਦੇ ਰਾਹੋਂ ਰੋਕਿਆ ਸੀ। ਉਥੇ ਇਕ ਸਤਰ ਇਹ ਹੈ :

'ਨਾਨਕ ਬਿਨ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਵੀਚਾਰਿ।'

ਇਸ ਬੁਨਿਆਦੀ ਗਲ ਨੂੰ ਜੇ ਚੰਗੀ ਤਰ੍ਹਾਂ ਸਮਝ ਲਿਆ ਜਾਏ ਤਾਂ ਗੁਰੂ ਸਾਹਿਬ ਦੇ ਯੋਗੀਆਂ ਪਰਥਾਇ ਉਚਾਰੇ ਬਚਨਾਂ ਵਿਚ ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ ਤੇ ਨਾ ਕਿਤੇ ਪ੍ਰਸਪਰ ਵਿਰੋਧ ਹੀ ਦਿਸਦਾ ਹੈ। ਗੁਰੂ ਸਾਹਿਬ ਇਸੇ ਗੁਰ-ਸ਼ਬਦ ਬਾਬਤ ਥਾਂ ਥਾਂ ਨਿਰਨਾਂ ਕਰਦੇ ਕਹਿੰਦੇ ਹਨ

'ਗੁਰ ਸ਼ਬਦੁ ਬੀਚਾਰਹਿ ਆਪੁ ਜਾਇ ॥
ਸਾਚ ਜੋਗ ਮਨਿ ਵਸੈ ਆਇ ॥
ਗੁਣ ਨਾਨਕੁ ਬੋਲੈ ਭਲੀ ਬਾਣਿ ॥
ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥' (ਬਸੰਤ ਮਹਲਾ ੧)

ਅਰਥਾਤ 'ਹੇ ਜੋਗੀ, ਜੇ ਤੂੰ ਗੁਰੂ ਦੇ ਸ਼ਬਦ ਦਾ ਵਿਚਾਰ ਕਰੇਂ ਤਾਂ ਤੇਰੀ ਹਉਮੈ ਦੂਰ ਹੋ ਜਾਏ। ਮੁੜ ਸਚਾ, (ਅਸਲੀ) ਯੋਗ ਤੇਰੇ ਮਨ ਵਿਚ ਆ ਟਿਕੇਗਾ–ਨਾਨਕ ਤੈਨੂੰ ਗੁਣਾਂ ਨਾਲ ਭਾਰਾ ਗਉਰਾ ਹੋ ਜਾਣ ਦੇ ਰਾਹੇ ਇਕ ਚੰਗੀ ਵਿਚਾਰ ਦਸ ਰਹਿਆ ਹੈ। ਤੂੰ ਗਿਆਨ ਦੀਆ ਅਖਾਂ ਵਾਲਾ ਹੋ ਕੇ ਇਸ ਦਾ ਅਰਥ ਪਛਾਣ ਲੈ।'

ਕਿਉਂਕਿ ਕਰਤਾ ਪੁਰਖ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਇਹੋ ਠੀਕ ਤਰੀਕਾ ਹੈ:

'ਨ ਭੀਜੈ ਰਾਗੀ ਨਾਦੀ ਬੇਦ ॥
ਨ ਭੀਜੈ ਸੁਰਤੀ ਗਿਆਨੀ ਜੋਗਿ ॥
ਲੇਖਾ ਲਿਖੀਐ ਮਨ ਕੈ ਭਾਇ।।
ਨਾਨਕ ਭੀਜੈ ਸਾਚੈ ਨਾਇ ॥' (ਸਾਰੰਗ ਮਹਲਾ ੧)

ਅਰਥਾਤ 'ਰਾਗ ਗਾਣ ਨਾਲ, ਨਾਦ ਵਜਾਣ ਨਾਲ, ਵੇਦ ਪਾਠਾਂ ਨਾਲ ਹਰੀ ਪ੍ਰਸੰਨ ਨਹੀਂ ਹੁੰਦਾ, ਨਾ ਉਹ ਸਮਾਧੀ ਲਾਣ ਨਾਲ ਗਿਆਨ ਦੀਆਂ ਗਲਾਂ ਕਰਨ ਨਾਲ ਤੇ ਯੋਗ ਅਪਨਾਣ ਨਾਲ ਪ੍ਰਸੰਨ ਹੁੰਦਾ ਹੈ–ਉਥੇ ਪ੍ਰਵਾਨਗੀ ਤਾਂ ਜੀਵਾਂ ਦੇ ਮਨਾਂ ਦੀ ਭਾਵਨਾ ਅਨੁਸਾਰ ਹੁੰਦੀ ਹੈ। ਹੇ ਨਾਨਕ, ਹਰੀ ਸਚੇ ਨਾਮ ਵਿਚ ਲੀਨ ਹੋਣ ਨਾਲ ਪ੍ਰਸੰਨ ਹੁੰਦਾ ਹੈ ਇਸ ਨੂੰ ਹੋਰ ਸਪਸ਼ਟ ਇਉਂ ਕੀਤਾ ਹੈ:

'ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ।'

(ਸਾਰੰਗ ਕੀ ਵਾਰ ਸਲੋਕ ੧)

ਅਰਥਾਤ 'ਹੇ ਨਾਨਕ, ਹਰੀ ਦੀ ਦਰਗਾਹ ਵਿਚ ਜੀਵਾਂ ਦੇ ਠੀਕ ਤੋਲ ਤਾਂ ਹੁੰਦੇ ਹਨ ਜਦੋਂ ਤਕੜੀ ਦੇ ਦੂਜੇ ਛਾਬੇ ਵਿਚ ਉਹਨਾਂ ਦੀ ਜ਼ਿੰਦਗੀ ਪਾਈ ਜਾਏ। ਜੇ ਇਸ ਤਰ੍ਹਾਂ ਕੋਈ ਤੋਲ ਵਿਚ ਪੂਰਾ ਨਹੀਂ ਉਤਰਦਾ ਤਾਂ ਉਸ ਦੇ ਸਭ ਦਾਅਵੇ ਝੂਠੇ ਹਨ ਭਾਵੇਂ ਉਸ ਨੇ ਜੋਗ-ਮਤਿ ਦਾ ਲੇਬਲ ਲਾਇਆ ਹੈ ਤੇ ਭਾਵੇਂ ਕਿਸੇ ਹੋਰ ਮਤਿ ਦਾ। ਗੁਰੂ ਜੀ ਦਸਦੇ ਹਨ :

'ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਰਣੁ ਕਰਾਇਨਿ ਆਪਿ ॥'

(ਸਾਰੰਗ ਕੀ ਵਾਰ ਸਲੋਕ ਮਹਲਾ ੧)

ਅਰਥਾਤ 'ਅਗਿਆਨੀ ਮੂਰਖਾਂ ਦੀਆਂ ਜੀਵਨ ਕੀਮਤਾਂ ਹੀ ਗਲਤ ਹੁੰਦੀਆਂ ਹਨ। ਉਹਨਾਂ ਦੇ ਪਲੇ ਕੁਝ ਨਹੀਂ ਹੁੰਦਾ। ਉਹ ਨਿਰੇ ਦਾਅਵੇ ਬੰਨ੍ਹਦੇ ਹਨ ਪਰ ਉਹ ਅਪਣੇ ਅਮਲਾਂ ਨਾਲ ਆਪਣਾ ਆਪ, ਅਪਣੇ ਅਸਲ ਰੂਪ ਵਿਚ ਪ੍ਰਗਟ ਵੀ ਕਰ ਦਿੰਦੇ ਹਨ।'

ਏਥੇ ਪੁਜ ਕੇ ਅਸੀਂ ਸ਼ਬਦ ਦੇ ਸਰੂਪ ਨੂੰ ਵਧੇਰੇ ਸਪਸ਼ਟਤਾ ਨਾਲ ਵੇਖਣਾ ਚਾਹੁੰਦੇ ਹਾਂ, ਕਿਉਂਕਿ ਜੋਗੀਆਂ ਦੀ ਵਿਚਾਰਧਾਰਾ ਅਨੁਸਾਰ ਇਕ ਹੋਰ ਸ਼ਬਦ ਵੀ ਹੈ ਜਿਸ ਦਾ ਜ਼ਿਕਰ ਗੁਰੂ ਸਾਹਿਬ ਦੀ ਅਪਣੀ ਬਾਣੀ ਵਿਚ ਵੀ ਬਹੁਤ ਹੈ ਤੇ ਜਿਸ ਦੇ ਕਾਰਨ ਕਈ ਵਾਰ ਭੁਲੇਖੇ ਪੈ ਜਾਂਦੇ ਹਨ। ਇਸ ਸ਼ਬਦ ਤੇ ਉਸ ਸ਼ਬਦ ਨੂੰ ਸਹੀ ਰੂਪਾਂ ਵਿਚ ਵੇਖਣਾ ਚਾਹੀਦਾ ਹੈ। ਏਥੇ 'ਸਿਧ ਗੋਸ਼ਟਿ' ਦੀ ਰਹਾਉ ਦੀ ਵਿਆਖਿਆ ਕਰਦਿਆਂ ਵੀ ਸਾਡੇ ਸਾਹਮਣੇ 'ਸ਼ਬਦ' ਲਫ਼ਜ਼ ਆਇਆ ਹੈ। ਇਸ 'ਸ਼ਬਦ' ਨਾਲ 'ਸਾਚ' ਬਤੌਰ ਵਿਸ਼ੇਸਨ ਵਰਤਿਆ ਗਿਆ ਹੈ। 'ਸਚ ਸ਼ਬਦ' ਦਾ ਅਰਥ ਹੈ ਸਚੇ (ਹਰੀ) ਦਾ ਸ਼ਬਦ। ਗੁਰੂ ਸਾਹਿਬ ਦਾ ਨਿਸਚਾ ਹੈ ਕਿ ਹਰ ਮਨੁੱਖ ਨੂੰ ਹਰੀ ਦੇ ਸਚੇ ਸ਼ਬਦ ਦੀ ਅਗਵਾਈ ਵਿਚ ਤੁਰਨਾ ਚਾਹੀਦਾ ਹੈ, ਕਿਉਂਕਿ ਹੋਰ ਅਗਵਾਈ ਕੋਈ ਵੀ ਪੂਰਨ ਨਹੀਂ। ਉਹ ਕਹਿੰਦੇ ਹਨ ਕਿ ਉਹ ਆਪ ਵੀ ਇਸੇ ਅਗਵਾਈ ਵਿਚ ਤੁਰਦੇ ਹਨ :

'ਅਪ੍ਰੰਪਰ ਪਾਰਬ੍ਰਹਮ ਪ੍ਰਮੇਸ਼ਰ ਨਾਨਕ ਗੁਰ ਮਿਲਿਆ ਸੋਈ ਜੀਉ।'

(ਸੋਰਠਿ ਮਹਲਾ ੧)

ਅਰਥਾਤ 'ਨਾਨਕ ਨੂੰ ਉਹ ਗੁਰੂ ਮਿਲਿਆ ਹੈ ਜਿਸ ਨੂੰ ਪਾਰਬ੍ਰਹਮ ਕਹਿੰਦੇ ਹਨ ਜੋ ਪਰੇ ਤੋਂ ਪਰੇ ਹੈ।'

ਪਰ ਪਰੇ ਤੋਂ ਪਰੇ ਹੁੰਦਾ ਹੋਇਆ ਵੀ ਉਹ ਗੁਰੂ ਨਾਨਕ ਦਾ ਗੁਰੂ ਹੈ ਕਿਉਂਕਿ ਉਹ ਗੁਰੂ ਨਾਨਕ ਦੇ ਅੰਦਰ ਵਸਦਾ ਹੈ ਤੇ ਗੁਰੂ ਨਾਨਕ ਨੇ ਉਸ ਦੀ ਅਗਵਾਈ ਵਿਚ ਤੁਰ ਕੇ ਜੀਵਨ ਜਾਚ ਸਿਖੀ ਹੈ। ਤੇ ਜਿਵੇਂ ਗੁਰੂ ਨਾਨਕ ਦੇ ਅੰਦਰ ਉਸ ਦਾ ਵਾਸਾ ਹੈ ਤਿਵੇਂ ਹੋਰ ਮਨੁੱਖਾਂ ਦੇ ਅੰਦਰ ਵੀ ਹੈ। ਇਸ ਲਈ ਹਰ ਕੋਈ ਇਸ ਅੰਦਰ ਵਸਦੇ ਰਾਹਨੁਮਾ ਤਕ ਅਪਣੀ ਸਿਧੀ ਪਹੁੰਚ ਬਣਾ ਸਕਦਾ ਹੈ। ਇਹ ਰਾਹਨੁਮਾ ਹਰ ਕਿਸੇ ਦੀ ਅਪਣੀ ਜੋਤਿ ਸਰੂਪ ਜ਼ਮੀਰ ਹੈ ਜੋ ਰੋਸ਼ਨੀ ਦਿੰਦੀ ਹੈ, ਜੇ ਕੋਈ ਅਪਣੇ ਆਪ ਨੂੰ ਇਸ ਯੋਗ ਬਣਾਵੇ। ਇਹ ਰੋਸ਼ਨੀ ਅੰਦਰ ਦੀ ਜੋਤ ਦੀ ਹੀ ਆਵਾਜ਼ ਹੈ, ਆਤਮਾ ਦੀ ਆਵਾਜ਼ ਹੈ, ਰਬ ਦੀ ਆਵਾਜ਼ ਹੈ। ਅੰਦਰ ਵਸਦਾ ਰਬ ਸਭ ਕਿਸੇ ਲਈ ਗੁਰੂ ਹੈ। ਇਸ ਗੁਰੂ ਦੇ ਸਾਰੇ ਹੀ ਵਾਰਸ ਹਨ ਭਾਵੇਂ ਇਸ ਦੀ ਠੀਕ ਆਵਾਜ਼ ਨੂੰ ਸੁਣਦੇ ਪੰਚ (ਸੰਤ) ਹੀ ਹਨ : 'ਪੰਚਾਂ ਕਾ ਗੁਰੁ ਏਕੁ ਧਿਆਨੁ' ਆਮ ਇਨਸਾਨਾਂ ਨੂੰ ਤਾਂ ਇਹ ਪਤਾ ਹੀ ਨਹੀਂ ਹੁੰਦਾ ਕਿ ਉਹ ਆਪਣੇ ਅੰਦਰ ਵਸਦੇ ਇਸ ਗੁਰੂ ਦੀ ਅਗਵਾਈ ਕਿਵੇਂ ਪ੍ਰਾਪਤ ਕਰਨ। ਉਹਨਾਂ ਦੇ ਵਿਚਾਰ ਅਧੂਰੇ ਰਹਿੰਦੇ ਹਨ, ਅਕਲ ਥੋਥੀ ਹੁੰਦੀ ਹੈ ਤੇ ਨਿਸਚੇ ਕਮਜ਼ੋਰ ਹੁੰਦੇ ਹਨ। ਜੀਵਨ ਦੀਆਂ ਸਮਸਿਆਵਾਂ ਦੇ ਹਲ, ਅੰਦਰ ਦੀ ਆਵਾਜ਼ ਤੋਂ ਲਭਦਿਆਂ ਵਡੇ ਵਡੇ ਰਿਖੀ ਮੁਨੀ ਗੁਮਰਾਹ ਹੋ ਜਾਂਦੇ ਰਹੇ ਹਨ ਤੇ ਮੰਨਦੇ ਵੀ ਰਹੇ ਹਨ ਕਿ ਉਹਨਾਂ ਨੂੰ ਅੰਦਰੋਂ ਠੀਕ ਆਵਾਜ਼ ਨਹੀਂ ਸੀ ਮਿਲੀ। ਇਸ ਮਜਬੂਰੀ ਦੇ ਕਾਰਨ ਹੀ ਸ਼ਖਸੀ ਗੁਰੂ ਦੀ ਲੋੜ ਪੈਂਦੀ ਹੈ ਪਰ ਇਹ ਲੋੜ ਕੇਵਲ ਉਹ ਗੁਰੂ ਹੀ ਪੂਰੀ ਕਰਦਾ ਹੈ ਜੋ ਪਹਿਲਾਂ ਆਪ ਪੂਰਨ ਹੋ ਚੁਕਾ ਹੈ, ਰਬ ਦਾ ਰੂਪ ਹੋ ਚੁਕਾ ਹੈ :

'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥'

(ਸਿਰੀ ਰਾਗ ਮਹਲਾ ੧)

ਅਰਥਾਤ 'ਸਭ ਕੋਈ ਭੁਲਦਾ ਹੈ, ਕੇਵਲ ਕਰਤਾਰ ਅਭੁਲ ਹੈ ਜਾਂ ਉਸ ਦਾ ਰੂਪ ਗੁਰੂ।'

ਗੁਰੂ ਮਨੁੱਖ ਤੇ ਪ੍ਰਮਾਤਮਾ ਵਿਚਾਲੇ ਮਾਨੋ ਇਕ ਪੁਲ ਹੈ, ਰਾਹ ਵਿਖਾਲ ਕੇ ਉਸ ਨਾਲ ਜੋੜਨ ਦਾ ਇਕ ਵਸੀਲਾ ਹੈ, ਕਿਉਂਕਿ ਉਹ ਉਸ ਦਾ ਹੀ ਰੂਪ ਹੋ

ਚੁਕਾ ਹੋਇਆ ਹੈ। ਇਸ ਲਈ ਮਨੁੱਖ ਜਾਮੇ ਵਿਚ ਕੇਵਲ ਉਹ ਹੀ ਗੁਰੂ ਹੋ ਸਕਦਾ ਹੈ ਜਿਸ ਅੰਦਰ ਹਰੀ ਦਾ ਗਿਆਨ ਅਰਥਾਤ ਹਰੀ ਦਾ ਹੀ ਸ਼ਬਦ ਪੂਰਨ ਤੌਰ ਤੇ ਨਿਰੋਲ ਰੂਪ ਵਿਚ, ਪ੍ਰਗਟ ਹੋਇਆ ਹੁੰਦਾ ਹੈ। ਤਦੋਂ ਇਹ ਸ਼ਬਦ ਸਚੀ ਟਕਸਾਲ ਵਿਚ ਘੜਿਆ ਗਿਆ ਹੁੰਦਾ ਹੈ। ਪਹਿਲਾਂ

'ਜਤੁ ਪਹਾਰਾ ਧੀਰਜੁ ਸੁਨਿਆਰੁ ਅਹਰਣਿ ਮਤਿ ਵੇਦੁ ਹਥੀਆਰੁ ॥

ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ' ਤਿਆਰ ਕਰ ਲਿਆ ਜਾਂਦਾ ਹੈ ਤੇ ਫਿਰ ਇਸ ਵਿਚ ਨਾਮ 'ਅੰਮ੍ਰਿਤ' ਪਾਇਆ ਜਾਂਦਾ ਹੈ। ਜਿਨਾਂ ਨੂੰ 'ਨਦਰਿ ਕਰਮ' ਹੁੰਦੀ ਹੈ ਉਹ ਹੀ ਇਸ 'ਕਾਰ' ਨੂੰ ਕਰਦੇ ਹਨ ਤੇ ਹੁੰਦੇ ਉਹ ਸੰਸਾਰ ਵਿਚ ਕਦੇ ਕਦੇ ਹਨ। ਉਨ੍ਹਾਂ ਦੇ ਅੰਦਰ ਸ਼ਬਦ ਨਿਰੋਲ ਰੂਪ ਵਿਚ ਉਤਰਦਾ ਹੈ। ਇਸ ਵਿਚਾਰ ਦਾ ਭਾਵ ਇਹ ਹੈ ਕਿ ਹਰੀ ਜੋ ਪ੍ਰੇਮ ਸਰੂਪ ਹੈ, ਸਚ ਸਰੂਪ ਹੈ, ਦਇਆ ਤੇ ਖਿਮਾ ਸਰੂਪ ਹੈ, ਅਨੰਦ ਸਰੂਪ ਹੈ ਤੇ ਗਿਆਨ ਸਰੂਪ ਹੈ, ਉਹਨਾਂ ਮਨੁੱਖਾਂ ਨੂੰ ਵੀ ਪ੍ਰੇਮ, ਸਚ, ਦਇਆ, ਖਿਮਾਂ, ਅਨੰਦ ਤੇ ਗਿਆਨ ਆਦਿਕ ਨਾਲ ਭਰਪੂਰ ਕਰ ਦਿੰਦਾ ਹੈ ਜੋ ਉਸ ਵਿਚ ਲੀਨ ਹੋ ਜਾਂਦੇ ਹਨ। ਜਦ ਇਹ ਚੀਜ਼ਾਂ ਕਿਸੇ ਦੇ ਅੰਦਰ ਪੂਰਨ ਰੂਪ ਵਿਚ ਆ ਜਾਂਦੀਆਂ ਹਨ ਤਾਂ ਉਹ ਹਰੀ ਦਾ ਹੀ ਰੂਪ ਹੁੰਦਾ ਹੈ। ਗਿਆਨੀ ਹੋ ਕੇ ਉਹ ਰਾਹ ਵਿਖਾਲਦਾ ਹੈ ਤੇ ਦੁਨੀਆਂ ਉਸ ਨੂੰ ਗੁਰੂ ਕਹਿੰਦੀ ਹੈ। ਉਸ ਦੀ ਆਵਾਜ਼ ਨੂੰ ਰਬ ਦੀ ਆਵਾਜ਼ ਹੀ ਸਮਝ ਲਿਆ ਜਾਂਦਾ ਹੈ ਕਿਉਂਕਿ ਉਹ ਰਬ ਦਾ ਰੂਪ ਹੋ ਗਿਆ ਹੁੰਦਾ ਹੈ। ਪਰ ਵਾਸਤਵ ਵਿਚ ਹਰ ਤਰ੍ਹਾਂ ਸੰਪੂਰਨ ਕੇਵਲ ਪ੍ਰਮਾਤਮਾ-ਗੁਰੂ ਹੀ ਹੁੰਦਾ ਹੈ। ਇਹ ਮਨੁੱਖੀ ਮਜਬੂਰੀ ਹੈ ਕਿ ਮਨੁੱਖ ਨੂੰ ਸ਼ਖਸੀ ਗੁਰੂ ਦੀ ਲੋੜ ਪੈਂਦੀ ਹੈ। ਵੈਸੇ ਪੂਰੀ ਪੂਰਣਤਾ ਕੇਵਲ ਪ੍ਰਮਾਤਮਾ ਵਿਚ ਹੀ ਹੈ। ਜੋਗੀ ਵੀ ਗੁਰੂ ਪਦ ਦਾ ਸਿਧਾਂਤ ਪਰਵਾਨ ਕਰਦੇ ਸਨ। ਉਹ ਨਾਥ ਜਾਂ ਸਿਧ ਨੂੰ ਸ਼ਖਸੀ ਗੁਰੂ ਦੇ ਤੌਰ ਤੇ ਅਪਨਾਉਂਦੇ ਸਨ। ਗੁਰੂ ਜੀ ਨੇ ਉਹਨਾਂ ਨੂੰ ਵੀ ਹਰੀ-ਗੁਰੂ ਦਾ ਸਿਧਾਂਤ ਇਉਂ ਪ੍ਰਗਟ ਕੀਤਾ ਸੀ :

'ਆਪਿ ਨਾਥੁ ਨਾਥੀ ਸਭ ਜਾਕੀ।' (ਜਪੁਜੀ, ਗੁਰੂ ਨਾਨਕ)

ਅਰਥਾਤ 'ਨਾਥ ਓਹੋ ਹੀ ਸਮਝਣਾ ਚਾਹੀਦਾ ਹੈ ਜਿਸ ਨੇ ਸਾਰੇ ਸੰਸਾਰ ਨੂੰ ਆਪਣੇ ਹੁਕਮ ਅੰਦਰ ਨਥਿਆ ਹੋਇਆ ਹੈ।'

ਫਿਰ ਹੋਰ :

'ਘਟਿ ਘਟਿ ਨਾਥ ਮਹਾਂ ਬਲਵੰਤਾ ।' (ਬਿਲਾਵਲ ਮਹਲਾ ੧)

ਇਸ ਤਰ੍ਹਾਂ ਹਰੀ-ਗੁਰੂ ਦਾ ਸੰਕਲਪ ਸਿਧ-ਗੁਰੂ ਦੇ ਰੂਪ ਵਿਚ ਇਉਂ ਦੱਸਿਆ ਹੈ :

'ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ।
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕੋ ਆਇਆ ।'

(ਰਾਮਕਲੀ ਮਹਲਾ ੧)

ਅਰਥਾਤ 'ਉਹ ਹੀ ਸਿਧ, ਸਾਧਕ, ਜੋਗੀ ਅਤੇ ਜੰਗਮ ਕਹਾਣ ਦੇ ਹਕਦਾਰ ਹਨ ਜਿਨ੍ਹਾਂ ਇਕ ਸਿਧ (ਹਰੀ) ਨੂੰ ਹੀ ਧਿਆਇਆ ਹੈ । ਜੋ ਹਰੀ ਦੇ ਚਰਨ ਪਰਸਦੇ ਹਨ ਤੇ ਜਿਨ੍ਹਾਂ ਨੂੰ ਉਸੇ ਦਾ ਅਖਰ (ਸ਼ਬਦ) ਮਿਲਿਆ ਹੈ ਉਹ ਹੀ ਹਰੀ ਮਾਲਕ ਨੇ ਤਾਰੇ ਹਨ ।'

ਸਪਸ਼ਟ ਹੈ ਕਿ ਗੁਰੂ ਜੀ ਹਰੀ-ਗੁਰੂ ਦੇ ਸਿਧਾਂਤ ਨੂੰ ਪਹਿਲੀ ਥਾਂ ਦਿੰਦੇ ਸਨ । ਖ਼ੈਰ, ਕੁਝ ਵੀ ਹੋਵੇ, ਪੂਰਨ ਗਿਆਨ ਜਿੰਨਾ ਕੁ ਇਨਸਾਨ ਦੇ ਅੰਦਰ ਵਧ ਤੋਂ ਵਧ ਰੂਪ ਵਿਚ ਪ੍ਰਕਾਸ਼ਮਾਨ ਹੋ ਸਕਦਾ ਹੈ, ਇਹ ਤਦੋਂ ਹੀ ਹੁੰਦਾ ਹੈ ਜਦੋਂ ਉਹਨਾਂ ਦੇ ਅੰਦਰ ਹਰੀ ਆਪ ਪ੍ਰਕਾਸ਼ਮਾਨ ਹੁੰਦਾ ਹੈ । ਇਸ ਤਰ੍ਹਾਂ ਹੀ ਗੁਰੂਆਂ ਨੂੰ ਬਾਣੀ ਉਤਰਦੀ ਹੈ ਜਿਸ ਨੂੰ ਉਹ ਦੁਨੀਆ ਦੇ ਲੋਕਾਂ ਤਕ ਪੁਚਾਂਦੇ ਹਨ । ਏਸੇ ਨੂੰ ਸ਼ਬਦ-ਗੁਰੂ ਕਹਿਆ ਜਾਂਦਾ ਹੈ । ਇਹ ਗਲ ਇਉਂ ਸਮਝਾਈ ਗਈ ਹੈ :

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।'

(ਤਿਲੰਗ ਮਹਲਾ ੧)

ਇਹ ਸ਼ਬਦ-ਗੁਰੂ ਅਟਲ ਹੈ ਕਿਉਂਕਿ ਇਹ ਅਵਿਨਾਸ਼ੀ ਪ੍ਰਮਾਤਮਾ ਤੋਂ ਉਤਰਿਆ ਹੈ । ਇਹ ਪ੍ਰਮਾਤਮਾਂ ਦਾ ਹੀ ਗਿਆਨ-ਸਰੂਪ ਹੈ ਤੇ ਉਸ ਦੀ ਅਗਵਾਈ ਦਾ ਹੀ ਇਹ ਦਾਅਵਾ ਕਰਦਾ ਹੈ :

'ਸਬਦ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ।'

(ਭੈਰਉ ਮਹਲਾ ੧)

ਅਰਥਾਤ 'ਜਿਨਾਂ ਨੇ ਇਸ ਸ਼ਬਦ ਨੂੰ ਵਿਚਾਰ ਕੇ ਹਰੀ ਦੇ ਨਾਮ ਦਾ ਰਸ ਚਖਿਆ ਹੈ ਉਹ ਸਚੇ ਤੋਂ ਪ੍ਰਾਪਤ ਹੋਏ ਨਿਰੋਲ ਸਚ ਦੁਆਰਾ ਪਤੀਜ ਜਾਂਦੇ ਹਨ ।'

ਏਸੇ ਸ਼ਬਦ ਗੁਰੂ ਦੀ ਮਹਿਮਾ ਵਿਚ ਮਹਾਰਾਜ ਕਹਿੰਦੇ ਹਨ :

'ਭਵਜਲ ਬਿਨੁ ਸਬਦੇ ਕਿਉ ਤਰੀਐ ।
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ।'

(ਭੈਰਉ ਮਹਲਾ ੧)

ਅਰਥਾਤ "ਸੰਸਾਰ ਸਾਗਰ ਗੁਰ-ਸ਼ਬਦ ਬਿਨਾਂ ਤਰਿਆ ਨਹੀਂ ਜਾ ਸਕਦਾ। ਨਾਮ ਤੋਂ ਬਿਨਾਂ ਸੰਸਾਰ ਦੁਬਿਧਾ ਰੋਗ ਵਿਚ ਗ੍ਰਸਿਆ ਰਹਿੰਦਾ ਹੈ ਅਤੇ ਦੁਬਿਧਾ ਵਿਚ ਡੁਬ ਡੁਬ ਮਰਦਾ ਹੈ (ਗੁਰ-ਸ਼ਬਦ ਹੀ ਨਾਮ ਨੂੰ ਉਪਜਾ ਕੇ ਬਚਾਉਂਦਾ ਹੈ)"

ਇਹ ਹੈ 'ਸਾਚ ਸ਼ਬਦ' ਦਾ ਤੱਸਵਰ ਜਿਸ ਨੂੰ ਰਹਾਉ ਦੀ ਤੁਕ ਵਿਚ ਹੀ ਦੇ ਕੇ ਗੁਰੂ ਜੀ ਨੇ ਜਗਿਆਸੂ ਜੋਗੀਆਂ ਦਾ ਰਾਹ ਸਾਫ ਕਰ ਦਿਤਾ ਹੈ। ਇਸ 'ਸ਼ਬਦ' ਰਾਹੀਂ ਹੀ ਸਹਜ ਵਿਚ ਜਾਈਦਾ ਹੈ, ਮੁਕਤ ਹੋਈਦਾ ਹੈ ਤੇ ਸਚੇ ਹਰੀ ਨੂੰ ਪ੍ਰਾਪਤ ਕਰੀਦਾ ਹੈ। ਇਹ 'ਸ਼ਬਦ' ਹਰੀ ਦਾ ਗਿਆਨ ਸਰੂਪ ਹੈ ਤੇ ਹਰ ਇਕ ਦੇ ਅੰਦਰ ਵਰਤ ਰਿਹਾ ਹੈ। 'ਸਿਧ ਗੋਸ਼ਟਿ' ਵਿਚ ਜੋਗੀਆਂ ਦੇ ਇਸ ਪ੍ਰਸ਼ਨ ਦੇ ਉਤਰ ਵਿਚ ਕਿ ਉਸ ਸ਼ਬਦ ਦਾ ਨਿਵਾਸ ਕਿਥੇ ਹੈ ਜਿਸ ਦੁਆਰਾ ਭਵਜਲ ਤਰੀਦਾ ਹੈ, ਗੁਰੂ ਜੀ ਨੇ ਇਉਂ ਦਸਿਆ ਸੀ :

'ਸੁ ਸ਼ਬਦ ਕਾ ਨਿਰੰਤਰਿ ਵਾਸੁ ਅਲਖੰ ॥'

ਹਰੀ ਸਭ ਦੇ ਅੰਦਰ ਹੈ, ਇਸ ਲਈ ਉਸ ਦਾ ਗਿਆਨ ਸਰੂਪ (ਸ਼ਬਦ) ਵੀ ਸਭ ਦੇ ਅੰਦਰ ਹੈ ਪਰ ਉਹ ਅਲਖ ਰਹਿੰਦਾ ਹੈ ਜਿਨਾਂ ਚਿਰ ਲਖਣ ਦੀ ਯੋਗਤਾ ਪ੍ਰਾਪਤ ਨਾ ਹੋ ਜਾਏ। ਇਹੋ ਕਾਰਨ ਹੈ ਕਿ ਸ਼ਖਸੀ ਗੁਰੂ ਦਾ ਸਹਾਰਾ ਲਈਦਾ ਹੈ। 'ਸ਼ਬਦ-ਗੁਰੂ' ਮੋਖ ਦਾਤਾ ਹੈ; ਅਰਥਾਤ ਸ਼ਬਦ ਦੀ ਕਮਾਈ ਦਵਾਰਾ ਜੀਵਤ-ਭਾਵ ਤੋਂ ਮਰਕੇ ਮੋਖ ਲਭਦਾ ਹੈ, ਨਹੀਂ ਤਾਂ ਸਭ ਹਨੇਰਾ ਤੇ ਭੁਲੇਖਾ ਹੈ। 'ਸਿਧ ਗੋਸ਼ਟਿ' ਵਿਚ ਇਸ ਗਲ ਨੂੰ ਇਉਂ ਆਖਿਆ ਹੈ :

'ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸ਼ਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰ ॥'

ਸ਼ਖਸੀ ਗੁਰੂ ਦਾ ਤੱਸਵਰ ਕਰਦਿਆਂ ਵੀ 'ਸ਼ਬਦ-ਗੁਰੂ' ਦੀ ਮਹਤਵ ਪੂਰਨ ਥਾਂ ਇਉਂ ਦ੍ਰਿੜ ਕਰਾਈ ਹੈ :

'ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸ਼ਬਦ ਰਸਿ ਲੀਣਾ ॥
ਮੇਰਾ ਗੁਰ ਦਇਆਲ ਸਦਾ ਰੰਗਿ ਲੀਣਾ ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖ ਪਤੀਣਾ ॥'
(ਰਾਮਕਲੀ ਮਹਲਾ ੧)

ਅਰਥਾਤ ਮੇਰੇ ਗੁਰੂ ਨੇ ਜੀਵਨ ਅੰਦਰ ਜਤ, ਸਤ, ਸੰਜਮ ਅਤੇ ਸਚ ਦ੍ਰਿੜ ਕਰਾ ਦਿਤਾ ਹੈ। ਉਹ ਆਪ ਵੀ ਸਚੇ ਸ਼ਬਦ ਦੁਆਰਾ ਪ੍ਰਭੂ ਦੇ ਪ੍ਰੇਮ ਵਿਚ ਲੀਨ ਹੋਇਆ ਰਹਿੰਦਾ ਹੈ। ਮੇਰਾ ਦਿਆਲੂ ਗੁਰੂ ਸਦਾ ਹੀ ਹਰੀ ਦੇ ਪ੍ਰੇਮ ਵਿਚ ਲੀਨ ਹੈ। ਦਿਨ ਰਾਤ ਉਸ ਦੀ ਬਿਰਤੀ ਇਕ ਹਰੀ ਵਲ ਹੀ ਲਗੀ ਰਹਿੰਦੀ ਹੈ ਕਿਉਂਕਿ ਉਹ ਸਚੇ ਹਰੀ ਨੂੰ ਪ੍ਰਤਖ ਦੇਖ ਕੇ ਪਤੀਜ ਗਿਆ ਹੋਇਆ ਹੈ।'

ਜੋਗੀਆਂ ਨੂੰ ਰਾਹ ਵਿਖਾਲਦਿਆਂ ਗੁਰੂ ਜੀ ਨੇ ਸਿਧ ਗੋਸ਼ਟਿ ਵਿਚ ਗੁਰ ਸ਼ਬਦ ਨੂੰ ਹੀ ਮੂਹਰੇ ਆਂਦਾ ਹੈ :

'ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮ _ ਪ੍ਰਗਾਸ ਥੀਆ ॥
ਜੀਵਤ ਮਰੈ ਤਾਂ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥'

ਮਹਾਰਾਜ ਦੀ ਨਜ਼ਰ ਵਿਚ ਗੁਰਮੁਖ-ਯੋਗੀ ਹੈ ਕੌਣ ? ਇਸ ਦੀ ਵਿਆਖਿਆ ਇਉਂ ਕੀਤੀ ਹੈ :

'ਗੁਰਮੁਖਿ ਜੋਗ ਸਬਦਿ ਆਤਮ ਚੀਨੈ ਹਿਰਦੈ ਏਕੁ ਮੁਰਾਰੀ ॥
ਮਨੂਆ ਅਸਥਿਰ ਸ਼ਬਦੇ ਰਾਤਾ ਏਹਾ ਕਰਣੀ ਸਾਰੀ ॥
ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖ ਸਬਦਿ ਬੀਚਾਰੀ ॥
ਗੁਰਮੁਖਿ ਜੋਗ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥
ਸ਼ਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸ਼ਬਦਿ ਵੀਚਾਰੀ ॥
ਆਪੇ ਬਖਸ਼ੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥'
(ਰਾਮਕਲੀ ਮਹਲਾ ੧)

ਅਰਥਾਤ 'ਗੁਰਮੁਖ ਦਾ ਯੋਗ ਇਹ ਹੈ ਕਿ ਉਹ ਸ਼ਬਦ ਦੁਆਰਾ ਆਤਮਾ ਨੂੰ ਪਛਾਣਦਾ ਹੈ ਤੇ ਇਸ ਤਰ੍ਹਾਂ ਅਪਣੇ ਹਿਰਦੇ ਅੰਦਰ ਪ੍ਰਮਾਤਮਾ ਨੂੰ ਪਾ ਲੈਂਦਾ ਹੈ। ਉਸ ਦਾ ਮਨ ਅਡੋਲ ਹੈ ਕਿਉਂਕਿ ਉਹ ਸ਼ਬਦ ਵਿਚ ਲੀਨ ਹੈ। ਉਸ ਲਈ ਇਹੋ ਸ੍ਰੇਸ਼ਟ ਕਰਨੀ ਹੈ। ਤੇ ਅਵਧੂ, ਉਹ ਵੇਦ ਨੂੰ ਨਿਰਾ ਝਗੜਾ ਨਹੀਂ ਬਣਾਂਦਾ (ਉਸ ਦਾ ਯਕੀਨ ਅਮਲ ਵਿਚ ਹੈ)। ਉਹ ਪਖੰਡ ਨਹੀਂ ਕਰਦਾ। ਉਹ ਗੁਰੂ ਦੀ ਸ਼ਰਨ ਵਿਚ ਹੋ ਕੇ ਸ਼ਬਦ ਦੁਆਰਾ ਵਿਚਾਰ ਵਾਨ ਹੋ ਜਾਂਦਾ ਹੈ। ਹੇ ਅਉਧੂ, ਉਹ ਹਰੀ ਦੀ ਸ਼ਰਨ ਵਿਚ ਪੈ ਕੇ ਜੋਗ ਕਮਾਂਦਾ ਹੈ, ਸ਼ਬਦ ਦੀ ਵਿਚਾਰ ਦੁਆਰਾ ਜਤ ਸਤ ਦਾ ਧਾਰਨੀ ਹੁੰਦਾ ਹੈ। ਉਹ ਸ਼ਬਦ ਦੁਆਰਾ ਆਪਾ ਭਾਵ ਤੋਂ ਮਰਦਾ ਹੈ, ਉਹ ਮਨ ਮਾਰਦਾ ਹੈ। ਬਸ, ਇਸੇ ਜੋਗ ਦੀ ਜੁਗਤੀ ਦਾ ਉਹ ਵਿਚਾਰੀ ਹੈ। ਉਹ ਜਾਣਦਾ ਹੈ ਕਿ ਮਾਇਆ ਦਾ ਮੋਹ ਜਨਮ ਮਰਨ ਦਾ ਕਾਰਨ ਹੈ। ਇਸ ਲਈ ਉਹ ਸ਼ਬਦ ਦੁਆਰਾ ਸੰਸਾਰ ਸਾਗਰ ਤਰ ਨਿਕਲਦਾ ਹੈ ਤੇ ਕੁਲ ਨੂੰ ਵੀ ਤਾਰਦਾ ਹੈ। ਹੇ ਅਉਧੂ, ਯਾਦ ਰਖ, ਅਜੇਹੇ ਜੋਗੀ ਹੀ ਚਾਰ ਜੁਗਾਂ ਦੇ ਸੂਰਮੇਂ ਬਣੇ ਹਨ। ਉਹਨਾਂ ਬਾਣੀ ਦਵਾਰਾ ਭਗਤੀ ਕੀਤੀ ਹੈ ਤੇ ਵਿਚਾਰਵਾਨ ਹੋਏ ਹਨ। ਜੀਵਾਂ ਦਾ ਮਨ ਮਾਇਆ ਨਾਲ ਮੋਹਿਆ ਹੈ ਤੇ ਸ਼ਬਦ ਦੀ ਵਿਚਾਰ-ਦਵਾਰਾ ਇਸ ਮੋਹ ਵਿਚੋਂ ਨਿਕਲੀਦਾ ਹੈ। ਹਰੀ ਆਪ ਉਹਨਾਂ ਤੇ ਕਿਰਪਾ ਕਰਕੇ ਅਪਣੇ ਨਾਲ ਮਿਲਾ ਲੈਂਦਾ ਹੈ। ਇਸ ਲਈ ਹੇ ਹਰੀ, ਮੈਂ ਤੇਰੀ ਹੀ ਸ਼ਰਨ ਆਇਆ ਹਾਂ।'

ਬਸ, ਯੋਗੀ ਉਹ ਹੀ ਹੈ ਜੋ ਸ਼ਬਦ ਦੀ ਕਮਾਈ ਕਰਦਾ ਹੈ ਤੇ ਅੰਤਰ ਆਤਮੇ ਜਾ ਕੇ ਹਰੀ ਨਾਲ ਲੀਨ ਹੋ ਜਾਂਦਾ ਹੈ। ਜੇ ਇਉਂ ਨਹੀਂ ਹੁੰਦਾ ਤਾਂ ਸਭ ਸਾਧਨ ਬੇਅਰਥ ਹਨ। ਪਰ ਜੇ ਯੋਗੀ ਦੇ ਸਾਰੇ ਸਾਧਨ ਇਸ ਦੇ ਅਧੀਨ ਰਹਿ ਕੇ ਚਲਦੇ ਹਨ ਤੇ ਅੰਤਮ ਮੰਜ਼ਲ ਤੇ ਲੈ ਜਾਂਦੇ ਹਨ ਤਾਂ ਸਭ ਠੀਕ ਹਨ। ਜਿਸ ਯੋਗੀ ਦੇ ਸਾਹਮਣੇ ਯੋਗ ਦੀ ਇਹ ਤਸਵੀਰ ਹੈ ਉਹ ਆਤਮ ਰਸੀਆ ਹੈ। ਉਸ ਲਈ ਅੰਦਰ ਵਜਦੇ ਸ਼ਬਦ, ਨਾਦ ਤੇ ਕਿੰਗਰੀਆਂ ਦਾ ਕੀ ਮੁਲ ਰਹਿ ਜਾਂਦਾ ਹੈ। ਉਸ ਦੇ ਤਾਂ ਸਾਰੇ ਸਵਾਦ ਹੀ ਬਦਲ ਜਾਂਦੇ ਹਨ। ਉਹ ਸ਼ਬਦ ਨੂੰ ਹੀ ਸਭ ਤੋਂ ਵਡਾ ਤੇ ਉਚਾ-ਸਾਧਨ ਮੰਨਦਾ ਹੈ ਕਿਉਂਕਿ ਉਹ ਇਸ ਸ਼ਬਦ ਵਿਚ ਹੀ ਅਪਣੀ ਕਲਿਆਨ ਸਮਝਦਾ ਹੈ। ਗੁਰੂ ਸਾਹਿਬ ਅਪਣੇ ਆਪ ਨੂੰ ਵੀ ਇਸੇ ਕਿਸਮ ਦਾ ਯੋਗੀ ਸਮਝਦੇ ਹਨ। ਉਹਨਾਂ ਦੇ ਸਾਹਮਣੇ ਯੋਗੀਆਂ ਦੇ ਕੁਝ ਗਲਤ ਸਵਾਦ ਸਨ ਜਿਨਾਂ ਨੂੰ ਬਦਲਨ ਲਈ ਉਹ ਇਉਂ ਕਹਿੰਦੇ ਸਨ :

'ਸੁਰਤਿ ਸ਼ਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ।
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ।
ਬਾਬਾ ਗੋਰਖ ਜਾਗੈ ॥
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥
ਜੇ ਤਿਨ ਮਿਲਾਂ ਤਾ ਕੀਰਤਿ ਆਖਾ ਤਾਂ ਮਨੁ ਸੇਵ ਕਰੇ ॥
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੇ ॥'

(ਰਾਮਕਲੀ ਮਹਲਾ ੧)

ਅਰਥਾਤ 'ਹੇ ਜੋਗੀ ਭਰਾਵੋ ਮੈਂ ਵੀ ਜੋਗੀ ਹਾਂ, ਮੇਰੀ ਸੁਰਤ ਵਿਚ ਵੀ ਸ਼ਬਦ ਵਜਦਾ ਹੈ । (ਉਹ ਕਿਵੇਂ ?) ਇਸ ਤਰ੍ਹਾਂ ਕਿ ਗੁਰੂ ਦੀ ਸਿਖਿਆ (ਗੁਰ-ਸ਼ਬਦ) ਨੂੰ ਮੈਂ ਸਿੰਙੀ ਬਨਾਇਆ ਹੈ; ਇਹ ਐਸੀ ਸਿੰਙੀ ਹੈ ਕਿ ਜਦ ਇਹ ਵਜਦੀ ਹੈ ਤਾਂ ਸਾਰਾ ਜਗਤ ਹੀ ਸੁਣਦਾ ਹੈ। ਮੰਗਣ ਲਈ ਮੈਂ ਅਪਣੇ ਹਿਰਦੇ ਨੂੰ ਹੀ ਖਪਰ ਤੇ ਝੋਲੀ ਬਣਾਇਆ ਹੈ ਜਿੰਨਾਂ ਵਿਚ ਨਾਮ ਰੂਪੀ ਭਿਖਿਆ ਪੈਂਦੀ ਹੈ। ਹੇ ਭਾਈ, ਮੇਰਾ ਗੋਰਖ (ਹਰੀ) ਐਸਾ ਹੈ ਜੋ ਸਦਾ ਜਾਗਦਾ ਹੈ। ਇਸ ਗੋਰਖ ਨੇ ਸਾਰੀ ਸ੍ਰਿਸ਼ਟੀ ਦਾ ਭਾਰ ਚੁਕਿਆ ਹੋਇਆ ਹੈ ਤੇ ਇਸ ਨੂੰ ਸਾਰੀ ਸ੍ਰਿਸ਼ਟੀ ਰਚਦਿਆਂ ਦੇਰੀ ਵੀ ਨਹੀਂ ਲਗਦੀ। ਕਈ ਸਿਧ ਹਨ, ਯੋਗ ਦੀ ਕਮਾਈ ਕਰਨ ਵਾਲੇ ਹਨ, ਕਈ ਯੋਗੀ ਕਹਾਂਦੇ ਹਨ, ਕਈ ਜੰਗਮ ਵੀ ਹਨ ਤੇ ਕਈ ਪੀਰ ਫਿਰਦੇ ਹਨ। ਪਰ ਜੇ ਮੈਂ ਇਹਨਾਂ ਨੂੰ ਮਿਲਾਂ ਤਾਂ ਮੈਂ ਉਹਨਾ ਨੂੰ ਹਰੀ ਦੀ ਸਿਫਤ ਸਲਾਹ ਲਈ ਹੀ ਬੇਨਤੀ ਕਰਾਂਗਾ। ਸਿਫਤ ਸਲਾਹ ਕੀਤਿਆਂ ਹੀ ਮੇਰਾ ਮਨ ਹਰੀ ਦੀ ਸੇਵਾ ਵਿਚ ਲਗਦਾ ਹੈ। ਜਿਵੇਂ ਕਾਗਜ਼ ਤੇ ਲੂਣ ਘਿਉ ਵਿਚ ਪੈ ਕੇ ਨਿਰਲੇਪ ਰਹਿੰਦੇ ਹਨ, ਗਲਦੇ ਨਹੀਂ, ਜਿਵੇਂ ਕਮਲ ਪਾਣੀ ਵਿਚ ਪੈ ਕੇ ਨਿਰਲੇਪ ਰਹਿੰਦਾ ਹੈ, ਕੁਮਲਾਂਦਾ ਨਹੀਂ, ਤਿਵੇਂ ਭਗਤ ਸੇਵਾ ਵਿਚ ਲਗਕੇ ਨਿਰਲੇਪ ਰਹਿੰਦੇ ਹਨ। ਹੇ ਨਾਨਕ, ਜੇ ਇਹੋ ਜਹੇ ਭਗਤ ਮਿਲ ਜਾਣ ਤਾਂ ਜਮਾਂ ਦਾ ਡਰ ਕਿਥੇ ਰਹਿ ਜਾਂਦਾ ਹੈ ?'

ਪਾਠਕ ਵੇਖ ਸਕਦੇ ਹਨ ਕਿ ਗੁਰੂ ਸਾਹਿਬ ਕਿਸ ਸਿਆਣਪ ਨਾਲ ਯੋਗੀਆਂ ਦੀਆਂ ਭੁਲਾਂ ਦਰੁਸਤ ਕਰ ਰਹੇ ਹਨ। ਅਸਾਂ ਅਗੇ ਵੀ ਇਸ ਗਲ ਦਾ ਸੰਕੇਤ

ਦਿਤਾ ਹੈ। ਗੁਰੂ ਜੀ ਦਾ ਇਕ ਖਾਸ ਆਪਣਾ ਤਰੀਕਾ ਹੈ ਆਪਣਾ ਪਖ ਪੇਸ਼ ਕਰਨ ਦਾ। ਐਸੀਆਂ ਰਮਜ਼ ਭਰੀਆਂ ਗਲਾਂ ਉਹ ਚੁਪ ਕੀਤਿਆਂ ਹੀ ਕਹਿ ਜਾਂਦੇ ਹਨ ਕਿ ਜਿਥੇ ਕਿਤੇ ਕੋਈ ਭੁਲ ਹੋਵੇ, ਆਪੇ ਹੀ ਦਿਸਨ ਲਗ ਪਏ। ਪੰਜ ਨਿਮਾਚ਼ਾ ਇਹ ਹਨ, ਜਨੇਊ ਇਉਂ ਬਣਦਾ ਹੈ, ਤੁਲਸੀ ਮਾਲਾ ਦਾ ਮਨੋਰਥ ਇਉਂ ਪੂਰਾ ਹੁੰਦਾ ਹੈ, ਤੀਰਥ ਇਸ਼ਨਾਨ ਇਉਂ ਸਫਲ ਹੁੰਦੇ ਹਨ ਆਦਿਕ ਮਿਸਾਲਾਂ ਹਨ, ਇਸ ਦੀ ਪੁਸ਼ਟੀ ਵਿਚ। ਹੁਣ ਇਸ ਸ਼ਬਦ ਵਿਚ ਵੀ ਸ਼ਬਦਾਵਲੀ ਤਾਂ ਯੋਗੀਆਂ ਦੀ ਹੀ ਅਪਣਾਈ ਹੈ ਪਰ ਇਸ ਨੂੰ ਬਿਲਕੁਲ ਹੀ ਵਖਰੇ ਰਾਹੇ ਪਾ ਦਿਤਾ ਹੈ। ਕਿੰਨਾ ਸੁੰਦਰ ਤੇ ਪ੍ਰਭਾਵਸ਼ਾਲੀ ਇਹ ਤਰੀਕਾ ਹੈ ਕਿਸੇ ਦੀਆਂ ਭੁਲਾ ਸੋਧਨ ਦਾ। ਜੇਹੜਾ ਸ਼ਬਦ ਯੋਗੀ ਅੰਦਰ ਸੁਣਦੇ ਹਨ ਉਸ ਨੂੰ ਝੁਟਿਆਇਆ ਨਹੀਂ ਪਰ ਜਿਸ ਸ਼ਬਦ ਨੂੰ ਸਭ ਤੋਂ ਮੂਹਰੇ ਰਖਿਆ ਜਾਣਾ ਚਾਹੀਦਾ ਹੈ ਤੇ ਜਿਸ ਦੇ ਕਾਰਨ ਅੰਦਰ ਸ਼ਬਦ ਵਜਦਾ ਹੈ ਉਸ ਵਲ ਇਹ ਕਹਿ ਕੇ ਧਿਆਨ ਕਰਾਇਆ ਹੈ-'ਮੇਰੇ ਅੰਦਰ ਵੀ ਸ਼ਬਦ ਗੂੰਜਦਾ ਹੈ ਪਰ ਇਹ ਉਹ ਸ਼ਬਦ ਹੈ ਜਿਸ ਨੂੰ ਸਾਰੀ ਦੁਨੀਆਂ ਸੁਣ ਲੈਂਦੀ ਹੈ (ਸਪਸ਼ਟ ਤੌਰ ਤੇ ਇਹ ਗੁਰੂ ਦਾ ਸ਼ਬਦ ਹੈ)। ਮੰਗਦੇ ਫਿਰਨ ਦੀ ਮੈਨੂੰ ਲੋੜ ਨਹੀਂ. ਮੈਂ ਅਪਣੇ ਹਿਰਦੇ ਨੂੰ ਝੋਲੀ ਬਣਾਇਆ ਹੈ ਜਿਸ ਵਿਚ ਮੈਂ ਨਾਮ ਦੀ ਭਿਖਿਆ ਪਾਂਦਾ ਹਾਂ। ਮੇਰਾ ਗੋਰਖ ਉਹ ਹੈ ਜਿਸ ਨੇ ਸਾਰੀ ਧਰਤੀ ਚੁਕੀ ਹੋਈ ਹੈ। ਮੈਂ ਉਹਨਾਂ ਜੋਗੀਆਂ ਤੇ ਜੰਗਮਾਂ ਨਾਲ ਮੇਲ ਚਾਹੁੰਦਾ ਹਾਂ ਜੋ ਰਬ ਦੇ ਜਸ ਵਿਚ ਲਗਦੇ ਹਨ। ਇਹਨਾਂ ਦੀ ਸੰਗਤ ਨਾਲ ਹੀ ਮੈਨੂੰ ਸੇਵਾ ਦਾ ਰਾਹ ਲਭਦਾ ਹੈ।'

ਗੁਰੂ ਸਾਹਿਬ ਯੋਗੀਆਂ ਨੂੰ ਗ੍ਰਿਹਸਤ ਵਿਚ ਪਾ ਕੇ ਸੇਵਕ ਬਨਾਣਾ ਚਾਹੁੰਦੇ ਹਨ ਪਰ ਤਿਆਗੀ ਰਖ ਕੇ ਜਿਵੇਂ ਕਮਲ ਪਾਣੀ ਵਿਚ ਰਹਿੰਦਾ ਹੋਇਆ ਵੀ ਅਛੋਹ ਹੈ। ਗੁਰੂ ਜੀ ਦੇ ਸਾਰੇ ਸਿਧਾਂਤਿਕ ਵਿਚਾਰ ਪਰਮਾਤਮਾ ਦੇ ਗਿਰਦ ਘੁੰਮਦੇ ਹਨ ਤੇ ਇਸੇ ਕਾਰਨ ਮਨੁੱਖ ਮਾਤਰ ਦੀ ਸੇਵਾ ਦੁਵਾਲੇ ਘੁੰਮਦੇ ਹਨ। ਏਨਾ ਪ੍ਰਲੋਕ ਬਾਰੇ ਨਹੀਂ ਸੋਚਦੇ ਜਿਨਾ ਇਸ ਲੋਕ ਬਾਰੇ। ਪਰਮਾਤਮਾ ਇਕ ਹੈ, ਮਨੁੱਖ ਸਭ ਇਕ ਹਨ ਤੇ ਮਨੁੱਖ ਮਾਤਰ ਦੀ ਸੇਵਾ ਸਭ ਤੋਂ ਵਡਾ ਤੇ ਜ਼ਰੂਰੀ ਧਰਮ ਹੈ। ਪੂਰਨ ਆਤਮ ਵਿਕਾਸ ਗ੍ਰਿਹਸਤ ਵਿਚ ਸੇਵਕ ਹੋ ਕੇ ਵਿਚਰਿਆਂ ਹੀ ਸੰਭਵ ਹੈ ਪਰ ਨਿਰਲੇਪ ਹੋ ਕੇ ਤੁਰਿਆਂ। ਹਰ ਹਾਲਤ ਵਿਚ ਗੁਰੂ ਜੀ ਯੋਗੀਆਂ ਨੂੰ ਅਧਿਆਤਮਕਤਾ ਵਿਚ ਮਜ਼ਬੂਤ ਕਰਨਾ ਚਾਹੁੰਦੇ ਹਨ, ਸ਼ਬਦ ਦੀ ਕਮਾਈ ਦਵਾਰਾ। ਯੋਗੀ ਦੀ ਤਸਵੀਰ ਉਹ ਇਉਂ ਖਿਚਦੇ ਹਨ :

'ਖਿਮਾ ਗਹੀ ਬ੍ਰਤ ਸੀਲ ਸੰਤੋਖੰ । ਰੋਗ ਨ ਬਿਆਪੈ ਨ ਜਮ ਦੋਖੰ ।
ਮੁਕਤ ਭਏ ਪ੍ਰਭ ਰੂਪ ਨ ਰੇਖੰ ।। .. ਨਿਰਭਉ ਜੋਗੀ ਨਿਰੰਜਨ ਧਿਆਵੈ ।।
ਅਨਦਿਨ ਜਾਗੈ ਸਚਿ ਲਿਵ ਲਾਵੈ । ਸੋ ਜੋਗੀ ਮੇਰੈ ਮਨਿ ਭਾਵੈ ।।..
ਸਤਿਗੁਰ ਸੇਵੇ ਸੋ ਜੋਗੀ ਹੋਇ ।। ਭੈ ਰਚਿ ਰਹੈ ਸੁ ਨਿਰਭਉ ਹੋਇ ।।
ਸ਼ਬਦਿ ਮਰੈ ਤਿਸੁ ਨਿਜਘਰਿ ਵਾਸਾ ।। ਆਵੈ ਨ ਜਾਵੈ ਬੂਝੈ ਆਸਾ ।।'

ਅਰਥਾਤ 'ਪੂਰਨ ਯੋਗੀ ਖਿਮਾ ਧਾਰਨ ਕਰਦਾ ਹੈ, ਮਿਠਾ ਸੁਭਾ ਤੇ ਸੰਤੋਖ ਉਸ ਦੇ ਰੋਜ਼ ਦੇ ਨਿਯਮ ਹਨ । ਉਸ ਨੂੰ ਹਉਮੈ ਆਦਿਕ ਰੋਗ ਨਹੀਂ ਲਗਦੇ ਤੇ ਨਾ ਜਮਾਂ ਦਾ ਦੁਖ ਸਹਿਣਾ ਪੈਂਦਾ ਹੈ । ਉਹ ਰੂਪ-ਰੇਖਾ ਦੀ ਕੈਦ ਤੋਂ ਮੁਕਤ ਹੈ ਕਿਉਂਕਿ ਉਹ ਪ੍ਰਭੂ ਨੂੰ ਪਛਾਣਦਾ ਹੈ ਜਿਸ ਦਾ ਕੋਈ ਰੂਪ-ਰੇਖ ਨਹੀਂ । ਉਹ ਮਾਇਆ ਤੋਂ ਨਿਰਲੇਪ ਹਰੀ ਨੂੰ ਧਿਆਉਂਦਾ ਹੈ । ਇਸ ਲਈ ਉਹ ਮਾਇਆ ਖਿਲਾਰੇ ਦੇ ਸਭ ਡਰਾਂ ਤੋਂ ਅਜ਼ਾਦ ਹੋਇਆ ਹੈ, ਉਹ ਸਦਾ ਸੁਚੇਤ ਰਹਿੰਦਾ ਹੈ ਕਿਉਂਕਿ ਉਹ ਸਚ ਸਰੂਪ ਪ੍ਰਭੂ ਵਿਚ ਧਿਆਨ ਜੋੜੀ ਰਖਦਾ ਹੈ । ਐਸਾ ਜੋਗੀ ਹੀ ਮੇਰੇ ਮਨ ਨੂੰ ਚੰਗਾ ਲਗਦਾ ਹੈ (ਉਹੋ ਪਰਵਾਣ ਚੜਦਾ ਹੈ) । ਜੋ ਸਤਿਗੁਰ ਦੀ ਸੇਵਾ ਕਰਦਾ ਹੈ ਉਹੋ ਪੂਰਨ ਯੋਗੀ ਬਣਦਾ ਹੈ । ਜੋ ਵੀ ਪ੍ਰਭੂ ਦੇ ਭੈ ਵਿਚ ਤੁਰਦਾ ਹੈ ਉਹ ਹੋਰ ਸਾਰੇ ਡਰਾਂ ਤੋਂ ਆਜ਼ਾਦ ਹੋ ਜਾਂਦਾ ਹੈ । ਜੋ ਸ਼ਬਦ ਦਵਾਰਾ ਆਪਾ ਭਾਵ ਤੋਂ ਮਰਦਾ ਹੈ ਉਸ ਦੇ ਆਤਮ ਸਰੂਪ ਵਿਚ ਵੀ ਉਹ ਹੁੰਦਾ ਹੈ । ਉਹ ਆਵਾਗਵਨ ਤੋਂ ਬਚ ਨਿਕਲਦਾ ਹੈ ਕਿਉਂਕਿ ਉਸ ਦੀ ਤ੍ਰਿਸ਼ਨਾ ਮੁਕ ਜਾਂਦੀ ਹੈ' ਕਿਤਨੀ ਖ਼ੂਬਸੂਰਤ ਹੈ ਇਹ ਗੁਰਮੁਖ ਯੋਗੀ ਦੀ ਤਸਵੀਰ ।

ਜਿਥੇ ਵੀ ਗੁਰੂ ਜੀ ਦੇ ਯੋਗੀਆਂ ਨਾਲ ਵਿਚਾਰ ਵਟਾਂਦਰੇ ਹੋਏ ਹਨ, ਜੇ ਉਹਨਾਂ ਨੂੰ ਗਹੁ ਨਾਲ ਵੇਖਿਆ ਜਾਏ ਤਾਂ ਸਪਸ਼ਟ ਦਿਸ ਪੈਂਦਾ ਹੈ ਕਿ ਬੋਲੀ ਉਹ ਯੋਗੀਆਂ ਦੀ ਜਾਂ ਹੋਰ ਮਤਾਂ ਦੀ ਹੀ ਬੋਲਦੇ ਹਨ ਪਰ ਉਹਨਾਂ ਦੀ ਵਰਤੋਂ ਇਉਂ ਕਰਦੇ ਹਨ ਕਿ ਪ੍ਰਸਪਰ ਸਿਧਾਂਤਾਂ ਦੇ ਫਰਕ ਪ੍ਰਤਖ ਦਿਸਣ ਲਗ ਪੈਂਦੇ ਹਨ । ਵੈਸੇ ਵੀ ਕਿਸੇ ਮਤ ਦੀ ਸ਼ਬਦਾਵਲੀ ਵਰਤਣ ਦਾ ਇਹ ਅਰਥ ਨਹੀਂ ਹੁੰਦਾ ਕਿ ਉਸ ਮਤ ਦੇ ਸਿਧਾਂਤਾਂ ਨੂੰ ਪਰਵਾਨ ਕਰ ਲਿਆ ਗਿਆ ਹੈ । ਬੁਧ ਜੀ ਨੇ ਬ੍ਰਹਮਣੀ ਮਤ ਦੇ ਸਿਧਾਂਤਿਕ ਸ਼ਬਦ ਵਰਤੇ ਸਨ, ਈਸਾ ਜੀ ਨੇ ਯਹੂਦੀ ਧਰਮ ਦੇ

ਅਤੇ ਪਿਛੇ ਜਹੇ ਭਾਰਤ ਅੰਦਰ ਵਿਵੇਕਾਨੰਦ ਜੀ ਨੇ ਯੋਗ-ਮਤ ਦੇ ਵਰਤੇ ਸਨ ਪਰ ਉਹਨਾਂ ਨਾ ਸਾਰੇ ਸਿਧਾਂਤਾਂ ਦੀ ਪ੍ਰੋੜਤਾ ਕੀਤੀ ਤੇ ਨਾ ਉਹਨਾ ਦੀ ਪਰਵਾਨਗੀ ਉਸੇ ਰੂਪ ਵਿਚ ਦਿਤੀ ਹੈ। ਗੁਰੂ ਸਾਹਿਬ ਨੇ ਵੀ ਅਨਮਤਾਂ ਦੇ ਤੇ ਖਾਸ ਕਰਕੇ ਯੋਗੀਆਂ ਦੇ ਅਨੇਕ ਸ਼ਬਦ ਵਰਤੇ ਹਨ ਪਰ ਨਵੇਂ ਅਰਥਾਂ ਵਿਚ ਵਰਤੇ ਹਨ। ਮਸਲਨ ਗੁਰੂ ਜੀ ਦਾ ਦਸਮ ਦੁਆਰ ਉਹ ਨਹੀਂ ਜਿਥੇ ਪ੍ਰਾਣਾਯਾਮ ਦੁਆਰਾ ਕੁੰਡਲਨੀ ਨੂੰ ਸਾਧਿਆਂ ਅਪੜੀਦਾ ਹੈ, ਬਲਕਿ ਨਾਮ ਦੁਆਰਾ ਗਿਆਨ ਇੰਦ੍ਰਿਆਂ ਦੀ ਸੋਝੀ ਤੋਂ ਉਚੇਰੀ ਸੁਰਤ ਪ੍ਰਾਪਤ ਕਰਕੇ। ਇਹ ਨਿਜ-ਸਰੂਪ ਵਿਚ ਜਾਣ ਦਾ ਨਾਮ ਹੈ ਜਿਥੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਸ ਨੂੰ ਸਹਿਜ ਸਮਾਧਿ ਕਹਿ ਸਕਦੇ ਹਾਂ ਜਿਸ ਦੀ ਟੇਕ ਨਾਮ, ਬਾਣੀ ਸਤਿਸੰਗ ਤੇ ਕੀਰਤਨ ਹਨ। ਇਹ ਸਮਾਧ ਕੁਦਰਤੀ ਤੇ ਸੌਖੇ ਤਰੀਕੇ ਨਾਲ ਲਗਦੀ ਹੈ :

'ਗਗਨੁ ਅਗੰਮੁ ਅਨਾਥੁ ਅਜੋਨੀ ॥ ਅਸਥਿਰ ਚੀਤੁ ਸਮਾਧਿ ਸਗੋਨੀ ।'

(ਰਾਮਕਲੀ ਦਖਣੀ ਓਅੰਕਾਰ ਮਹਲਾ ੧)

ਅਰਥਾਤ 'ਇਹ ਦਸਮ ਦੁਆਰ ਅਗੰਮ ਹੈ (ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ) ਏਥੇ ਹੀ ਅਨਾਥ ਅਤੇ ਅਜੋਨੀ ਹਰੀ ਵਸਦਾ ਹੈ। ਸਰਗੁਨ ਸਰੂਪ ਹਰੀ ਵਿਚ ਧਿਆਨ ਜੋੜ ਕੇ ਏਥੇ ਹੀ ਅਪੜੀਂਦਾ ਹੈ ਤੇ ਏਥੇ ਚਿਤ ਅਡੋਲ ਹੋ ਜਾਂਦਾ ਹੈ।'

ਇਸ ਗਲ ਨੂੰ ਹੋਰ ਇਉਂ ਖੋਹਲਿਆ ਹੈ :

'ਗੁਣ ਗਾਵੈ ਸੁਖ ਸਹਜਿ ਨਿਵਾਸ'

(ਰਾਮਕਲੀ ਦਖਣੀ ਓਅੰਕਾਰ ਮਹਲਾ ੧)

ਅਰਥਾਤ 'ਜੋ ਹਰੀ ਦੇ ਗੁਣ ਗਾਵੰਦਾ ਹੈ (ਹਰੀ ਨੂੰ ਸਿਮਰਦਾ ਹੈ) ਉਸ ਦਾ ਸਹਿਜ ਸੁਖ ਵਿਚ ਨਿਵਾਸ ਹੋ ਜਾਂਦਾ ਹੈ।'

ਇਸ ਯੋਗ ਨੂੰ ਗੁਰਮੁਖਿ ਯੋਗ ਜਾਂ ਗੁਰਮਤਿ ਯੋਗ ਵੀ ਕਹਿਆ ਜਾਂਦਾ ਹੈ ਜਿਸ ਦੀ ਵਿਆਖਿਆ ਪਿਛੇ ਇਕ ਸ਼ਬਦ ਰਾਹੀਂ ਕੀਤੀ ਜਾ ਚੁਕੀ ਹੈ। ਅਜੇਹੀ ਸਮਾਧਿ ਵਿਚ ਤਾਂ ਗੁਰੂ ਜੀ ਦਾ ਰਬ ਵੀ ਯੋਗੀ ਹੋ ਕੇ ਰਹਿੰਦਾ ਹੈ :

'ਸੁੰਨ ਮੰਡਲ ਇਕ ਯੋਗੀ ਬੈਸੇ ॥'

ਜੋਗੀਆਂ ਦੀ ਮੁਕਤੀ ਮਨ ਨੂੰ ਪ੍ਰਕ੍ਰਿਤੀ ਦੇ ਅਸਰਾਂ ਤੋਂ ਆਜ਼ਾਦ ਕਰਨਾ ਹੈ, ਸਰੀਰ

ਨੂੰ ਅਮਰ ਕਰ ਦੇਣਾ ਆਦਿਕ ਹੈ, ਪਰ ਗੁਰੂ ਜੀ ਦੀ ਮੁਕਤੀ ਦਾ ਤਸਵਰ ਪਿਛੇ ਖੋਹੜ ਕੇ ਦਿਤਾ ਜਾ ਚੁਕਾ ਹੈ। ਗੁਰੂ ਜੀ ਦਾ ਅੰਮ੍ਰਿਤ, ਨਾਮ ਅੰਮ੍ਰਿਤ ਹੈ ਜਾ ਨਾਮ ਤੋਂ ਉਪਜਿਆ ਆਤਮ ਰਸ ਹੈ। ਇਹ ਜ਼ਬਾਨ ਤਕ ਸੀਮਤ ਨਹੀਂ, ਇਹ ਇਦ੍ਰਕ ਰਸ ਨਹੀਂ ਇਹ ਐਸਾ ਰਸ ਹੈ ਜਿਸ ਨਾਲ ਤਨ, ਮਨ, ਇੰਦ੍ਰੇ, ਅਤੇ ਆਤਮਾ ਸਭ ਰਜਦੇ ਤੇ ਨਿਹਾਲ ਹੁੰਦੇ ਹਨ। 'ਸਿਧ ਗੋਸ਼ਟਿ' ਵਿਚ ਅਸੀਂ ਵੇਖਾਂਗੇ ਕਿ ਯੋਗੀਆਂ ਦੇ ਕਿਤਨੇ ਹੀ ਸਿਧਾਂਤਿਕ ਸ਼ਬਦਾਂ ਨੂੰ ਗੁਰੂ ਜੀ ਨੇ ਨਵੇਂ ਨਵੇਂ ਤੇ ਬੜੇ ਕੀਮਤੀ ਰੂਪ ਦਿਤੇ ਹਨ। ਮਸਲਨ 'ਅਨਹਦ ਸ਼ਬਦ' ਆਤਮਾ ਤੇ ਪ੍ਰਮਾਤਮਾ ਦੇ ਮੇਲ ਦਾ ਹੀ ਇਕ ਪ੍ਰਗਟਾਵਾ ਹੈ। ਇਹ ਠੀਕ ਹੈ ਕਿ ਲਫ਼ਜ਼ ਸ਼ਬਦ ਦਾ ਅਰਥ ਆਵਾਜ਼ ਜਾਂ ਧੁਨੀ ਹੈ ਪਰ ਜਿਸ ਧੁਨੀ ਦਾ ਜ਼ਿਕਰ ਗੁਰੂ ਜੀ ਕਰਦੇ ਹਨ ਉਹ ਇਉਂ ਪੈਦਾ ਹੁੰਦੀ ਹੈ :

'ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ।'
(ਸਾਰੰਗ ਮਹਲਾ ੧)

ਅਰਥਾਤ 'ਜੇ ਹਿਰਦੇ ਵਿਚ ਨਾਮ ਵਸ ਜਾਏ ਤਾਂ ਐਸੀ ਨਿਹਚਲ ਧੁਨੀ ਉਪਜਦੀ ਹੈ ਜਿਸ ਦਾ ਅਸਰ ਸਦਾ ਰਹਿੰਦਾ ਹੈ। ਧੁਨੀ ਦਾ ਕੋਈ ਮੁਲ ਨਹੀਂ ਪੈ ਸਕਦਾ। ਨਾਮ ਤੋਂ ਬਿਨਾ ਨਿਰਸੰਦੇਹ ਸਭ ਕੰਗਾਲ ਹਨ, ਸਤਿਗੁਰੂ ਨੇ ਇਹ ਗਲ ਪਕੀ ਸਮਝਾ ਦਿਤੀ ਹੈ।' ਏਥੇ ਅਸੀਂ ਇਕ ਸ਼ਬਦ ਦੇ ਕੇ ਇਸ ਨਿਹਚਲ ਧੁਨੀ ਜਾਂ ਅਨਹਦ ਸ਼ਬਦ ਨੂੰ ਸਮਝਣ ਦਾ ਹੋਰ ਯਤਨ ਕਰਦੇ ਹਾਂ :

'ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮਨਾਮੁ ਫਲੁ ਹੂਆ ॥
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥
ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥ ਰਹਾਉ ॥
ਜਿਨ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥
ਜੋਤੀ ਜੋਤਿ ਸਮਾਣੀ ਭੀਤਰਿ ਤਾਂ ਛੋਡੇ ਮਾਇਆ ਕੇ ਲਾਹੇ।
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ।

ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕ ਕਹੈ ਵਿਚਾਰਾ ॥'

(ਆਸਾ ਮਹਲਾ ੧)

ਅਰਥਾਤ 'ਜਿਸ ਜੋਗੀ ਨੇ ਸ਼ੁਭ ਕਰਨੀ ਰੂਪ ਵੇਲ ਖਿਲਾਰੀ ਹੈ ਤੇ ਇਸ ਵੇਲ ਨੂੰ ਰਾਮ ਨਾਮ ਪੂਰਾ ਫਲ ਲਗ ਪਿਆ ਹੈ, ਉਸ ਜੋਗੀ ਦੇ ਅੰਦਰ ਮਾਇਆ ਰਹਿਤ ਹਰੀ ਨੇ ਆਪ ਪ੍ਰਗਟ ਹੋਕੇ ਐਸਾ ਸ਼ਬਦ ਵਜਾਇਆ ਹੈ ਜਿਸ ਦੀ ਕੋਈ ਰੂਪ ਰੇਖਾ, ਚਕ੍ਰ ਚਿਹਨ ਨਹੀਂ ਹਨ ਤੇ ਜੋ ਬਿਨਾਂ ਵਜਾਇਆ ਵਜ ਪਿਆ ਹੈ। ਪਰ ਇਸ ਸ਼ਬਦ ਦਾ ਬਿਆਨ ਕੋਈ ਉਹ ਹੀ ਕਰ ਸਕਦਾ ਹੈ ਜਿਸ ਨੇ ਇਸ ਦੇ ਸਵਾਦ ਨੂੰ ਆਪ ਜਾਣ ਲਿਆ ਹੈ ਤੇ ਇਹ ਰਸ ਵੀ ਉਹ ਹੀ ਪੀਂਦਾ ਹੈ। ਜਿਨ੍ਹਾਂ ਜੋਗੀਆਂ ਨੇ ਇਹ ਰਸ ਪੀਤਾ ਹੈ ਉਹ ਇਸ ਰਸ ਵਿਚ ਰੰਗ ਗਏ ਹਨ। ਉਹਨਾਂ ਦੇ ਸਭ ਮਾਇਆ-ਬੰਧਨ ਟੁਟ ਗਏ ਹਨ। ਉਹਨਾ ਦੀ ਆਤਮਾ ਵਿਚ ਹਰੀ ਜੋਤਿ ਸਮਾ ਗਈ ਹੈ ਇਸ ਕਾਰਨ ਹੀ ਉਨ੍ਹਾਂ ਨੇ ਮਾਇਆ ਦੇ ਸਭ ਅਖੌਤੀ ਲਾਭ ਤਿਆਗ ਛਡੇ ਹਨ। ਫਿਰ ਉਹਨਾਂ ਨੇ ਸਭ ਜੀਵਾਂ ਵਿਚ ਇਕੋ ਜੋਤਿ ਵਰਤਦੀ ਵੇਖੀ ਹੈ ਤੇ ਸਾਰੇ ਭਵਨਾਂ ਵਿਚ ਉਸੇ ਦੀ ਮਾਇਆ ਦਾ ਪਸਾਰਾ ਵੇਖਿਆ ਹੈ। ਹੇ ਹਰੀ, ਉਹਨਾਂ ਨੂੰ ਤੂੰ ਇਕ ਪਾਸੇ ਇਸ ਝਗੜੇ ਰੂਪ ਸੰਸਾਰ ਤੋਂ ਅਲਗ ਬੈਠਾ ਦਿਸਦਾ ਹੈ ਤੇ ਦੂਜੇ ਪਾਸੇ ਤੂੰ ਹਰ ਚੀਜ਼ ਵਿਚ ਪ੍ਰਤਿਬਿੰਬ ਵਾਂਗ ਵਿਆਪਕ ਹੋ ਕੇ ਵੇਖ ਰਹਿਆ ਭੀ ਦਿਸਦਾ ਹੈ। ਜੋਗੀ ਉਹ ਹੈ ਜੋ ਹਰੀ ਦੇ ਦਰਸ਼ਨ ਤੇ ਰੂਪ ਵਿਚ ਮਸਤ ਹੋ ਕੇ ਸ਼ਬਦ-ਵੀਣਾ ਵਜਾਉਂਦਾ ਹੈ। ਨਾਨਕ ਵਿਚਾਰ ਦਸਦਾ ਹੈ ਕਿ ਹਰੀ ਮਾਲਕ ਤਾਂ ਆਪ ਵੀ ਅਨਹਦ ਸ਼ਬਦ ਦੀ ਮਸਤੀ ਵਿਚ ਰੰਗਿਆ ਹੋਇਆ ਹੈ।'

ਇਸ ਸ਼ਬਦ ਨੂੰ ਧਿਆਨ ਨਾਲ ਵਾਚਿਆਂ ਸਪਸ਼ਟ ਹੋ ਜਾਂਦਾ ਹੈ ਕਿ ਜਿਸ 'ਸ਼ਬਦ' ਦਾ ਏਥੇ ਜ਼ਿਕਰ ਹੈ ਉਹ ਪ੍ਰਮਾਤਮਾਂ ਤੋਂ ਸੁਤੰਤਰ ਨਹੀਂ ਹੈ, ਉਹ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ ਹੀ ਉਪਜਿਆ ਹੈ, ਸਗੋਂ ਪ੍ਰਮਾਤਮਾ ਆਪ ਇਸ ਨੂੰ ਉਪਜਾਉਂਦਾ ਹੈ। ਉਸ ਨੂੰ ਇਸ 'ਸ਼ਬਦ' ਵਿਚ ਆਪ ਮਸਤ ਹੋਇਆ ਵਿਖਾਇਆ ਗਿਆ ਹੈ। ਇਹ ਉਸ ਦਾ ਆਪਣਾ ਹੀ ਇਕ ਪ੍ਰਗਟਾਵਾ ਹੈ। ਦੇਖੋ ਇਸ ਸ਼ਬਦ ਦੀ ਰੂਪ ਰੇਖਾ ਵੀ ਕੋਈ ਨਹੀਂ। ਹੋ ਵੀ ਕਿਵੇਂ ਸਕਦੀ ਹੈ ਜਦ ਇਹ ਰੂਪ ਰੇਖਾ ਰਹਤ ਹਰੀ ਦਾ ਹੀ ਇਕ ਪ੍ਰਗਟਾਵਾ ਹੈ। ਪਰ ਇਹ ਇਕ ਖਾਸ ਕਿਸਮ ਦੀ ਘਾਲ ਕਮਾਈ ਤੋਂ ਬਾਅਦ ਪ੍ਰਾਪਤ ਹੋਇਆ ਹੈ। ਪਹਿਲਾਂ ਸ਼ੁਭ ਕਰਨੀ ਦੀ ਵੇਲ ਉਪਜਾ ਕੇ ਰਾਮ ਨਾਮ ਦਾ ਫਲ ਲਾਣਾ ਹੈ ਤੇ ਮੁੜ ਇਸ 'ਸ਼ਬਦ' ਨੇ ਵਜਨਾ ਹੈ। ਇਸ 'ਸ਼ਬਦ' ਦੇ ਅੰਦਰ ਵਜਿਆਂ ਸਾਰੇ ਬੰਧਨ

ਹੀ ਕਟੇ ਗਏ ਹਨ ਤੇ ਸਭ ਮਨੁਖਾਂ ਨਾਲ ਪ੍ਰੇਮ ਬਣ ਗਿਆ ਹੈ ਕਿਉਂਕਿ ਸਭ ਵਿਚ, ਸਮੇਤ ਅਪਨੇ ਆਪ ਦੇ, ਉਹ ਆਪ ਹੀ ਵਰਤਦਾ ਦਿਸ ਪਿਆ ਹੈ। ਖਾਸ ਤੌਰ ਤੇ ਨੋਟ ਕਰਨ ਵਾਲੀ ਇਕ ਗਲ ਏਥੇ ਇਹ ਵੀ ਹੈ ਕਿ ਇਹ 'ਸ਼ਬਦ' ਹਰੀ ਨੇ ਭਗਤ ਅੰਦਰ ਆਪ ਹੀ ਪ੍ਰਗਟਾਇਆ ਹੈ। ਇਹ ਸ਼ਬਦ ਨਾਮ ਦੀ ਕਮਾਈ ਤੋਂ ਬਾਅਦ ਉਪਜਿਆ ਹੈ। ਅਨੰਦ ਸਰੂਪ ਹਰੀ, ਜੋ ਆਪ ਸ਼ਬਦ (ਗਿਆਨ) ਰੂਪ ਵੀ ਹੈ, ਭਗਤ ਦੇ ਅੰਦਰ ਆ ਵਸਿਆ ਹੈ ਤੇ ਸ਼ਬਦ ਹੋ ਕੇ ਵਜਿਆ ਹੈ। ਇਹੋ ਗਲ ਇਉਂ ਆਖੀ ਹੈ :

> ਤ੍ਰੈ ਵਰਤਾਏ ਚੌਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥
> ਨਿਰਮਲ ਜੋਤਿ ਸਰਬ ਜਗ ਜੀਵਨੁ ਗੁਰਿ ਅਨਹਦ ਸ਼ਬਦਿ ਦਿਖਾਇਆ ।'
>
> (ਮਾਰੂ ਮਹਲਾ ੧)

ਅਰਥਾਤ 'ਜਿਸ ਹਰੀ ਨੇ ਤ੍ਰੈ ਗੁਣਾਂ ਦਾ ਵਰਤਾਰਾ ਕਰਕੇ ਚੌਥੇ ਵਿਚ ਆਪ ਵਾਸਾ ਕੀਤਾ ਹੋਇਆ ਹੈ (ਤਿੰਨ ਗੁਣਾਂ ਤੋਂ ਉਤੇ ਚੌਥ ਪਦ ਵਿਚ ਜਿਸ ਦੇ ਦਰਸ਼ਨ ਹੁੰਦੇ ਹਨ), ਜਿਸ ਨੇ ਮੌਤ ਤੇ ਜਨਮ ਨੂੰ ਖਾ ਲਿਆ ਹੋਇਆ ਹੈ, ਜਿਸ ਦੀ ਜੋਤਿ ਪਵਿਤ੍ਰ ਹੈ ਤੇ ਜੋ ਸਾਰੇ ਜਗਤ ਦਾ ਜੀਵਨ ਹੈ-ਐਸੇ ਹਰੀ ਨੂੰ ਗੁਰੂ ਨੇ ਅਨਾਹਦ ਸ਼ਬਦ ਵਜਾ ਕੇ ਵਿਖਾ ਦਿਤਾ ਹੈ।'

ਸਿਟਾ ਇਹ ਹੋਇਆ ਹੈ ਕਿ :

> 'ਨ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸ਼ਬਦੁ ਅਨਾਹਦ ਵਾਵੈ ॥
> ਪੰਜ ਸ਼ਬਦ ਝੁਣਕਾਰੁ ਨਿਰਾਲਮ ਪ੍ਰਭਿ ਆਪੇ ਵਾਇ ਸੁਣਾਇਆ ।'
>
> (ਮਾਰੂ ਮਹਲਾ ੧)

ਅਰਥਾਤ "ਜੋਗੀ ਦਾ ਮਨ ਹੁਣ ਦੌੜਦਾ ਨਹੀਂ, ਨਾ ਉਸ ਨੂੰ ਤ੍ਰਿਸ਼ਨਾ ਰੇੜ੍ਹੀ ਫਿਰਦੀ ਹੈ। ਉਹ ਅਨਹਦ ਸ਼ਬਦ ਵਜਾਂਦਾ ਰਹਿੰਦਾ ਹੈ। ਉਸ ਦੇ ਅੰਦਰ ਮਾਨੋ ਪੰਜ ਤਰ੍ਹਾਂ ਦੇ ਵਾਜਿਆਂ ਦੀ ਮਿਠੀ ਆਵਾਜ਼ ਲਗਾਤਾਰ ਚਲਦੀ ਰਹਿੰਦੀ ਹੈ। ਪਰ ਪ੍ਰਭੂ ਨੇ ਇਹ ਸਭ ਵਾਜੇ ਆਪ ਹੀ ਵਜਾ ਕੇ ਸੁਣਾਏ ਹਨ।'

ਇਹ ਹੈ ਕਿਆਸ ਅਨਹਦ ਸ਼ਬਦ ਦਾ। ਇਹ ਉਸ ਅੰਦਰ ਵਰਤਦੇ ਅਨੰਦ ਸਰੂਪ ਦੀ ਮੌਜੂਦਗੀ ਦਾ ਸੂਚਕ ਹੈ। ਸਗੋਂ ਉਸ ਦਾ ਅਪਣਾ ਆਪ ਹੈ ਜਿਸ ਨੇ ਆਪ ਅੰਦਰ ਵਸ ਕੇ ਅਨੰਦ ਹੀ ਅਨੰਦ ਵਰਤਾ ਦਿਤਾ ਹੈ। ਇਸ ਅਨੰਦ ਨੂੰ

ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਚਕ੍ਰ ਚਿਹਨ ਤੋਂ ਰਹਿਤ ਹੈ।

ਇਸ ਨੂੰ ਹੋਰ ਵਧੇਰੇ ਸਮਝ ਗੋਚਰਾ ਕਰਨ ਲਈ ਉਸ ਆਤਮ-ਦਰਸ਼ਨ ਜਾਂ ਰਬ-ਦਰਸ਼ਨ ਦੀ ਡੂੰਘੀ ਰਹਸਮਈ ਹਾਲਤ ਦਾ ਕੁਝ ਹੋਰ ਕਿਆਸ ਕਰ ਲੈਣਾ ਉਚਿਤ ਹੈ, ਜੋ ਨਾਮ ਦੁਆਰਾ ਅੰਤਰ ਆਤਮੇ ਵਰਤ ਜਾਂਦੀ ਹੈ ਤੇ ਜਿਸ ਨੂੰ ਆਤਮਾ ਦੇ ਪ੍ਰਮਾਤਮਾ ਨਾਲ ਮੇਲ ਦੀ ਹਾਲਤ ਕਹਿਆ ਗਿਆ ਹੈ। ਇਸ ਹਾਲਤ ਵਿਚ ਪੁਜੇ ਮਨੁਖ ਦੇ ਅੰਦਰ ਕੋਈ ਕੌਤਕ ਵਰਤ ਜਾਂਦਾ ਹੈ ਜਿਸ ਦਾ ਜ਼ਿਕਰ ਕਬੀਰ ਜੀ ਨੇ ਇਉਂ ਕੀਤਾ ਹੈ :

'ਸੋਈ ਰਾਮ ਸਭੈ ਕਹਹਿ ਸੋਈ ਕਉਤਕਹਾਰ ।'

(ਸਲੋਕ ਕਬੀਰ ਜੀ)

ਅਰਥਾਤ 'ਰਾਮ ਦਾ ਨਾਮ ਤਾਂ ਸਾਰੇ ਹੀ ਲੈਂਦੇ ਹਨ ਪਰ ਕਦੇ ਕਦੇ ਇਹੋ ਰਾਮ ਦਾ ਨਾਮ ਮਨੁਖੀ ਆਤਮਾ ਅੰਦਰ ਕੌਤਕ ਵਰਤਾ ਦਿੰਦਾ ਹੈ।'

ਕਬੀਰ ਜੀ ਦਾ ਭਾਵ ਇਹੋ ਹੈ, ਜਿਵੇਂ ਅਸਾਂ ਉਪਰ ਵੀ ਵੇਖਿਆ ਹੈ, ਕਿ ਨਾਮ ਦੁਆਰਾ ਇਕ ਐਸੀ ਉਚੇਰੀ ਸੁਰਤ ਉਪਜ ਜਾਂਦੀ ਹੈ ਜਿਥੇ ਗਿਆਨ ਇੰਦ੍ਰਿਆਂ ਦੀ ਪਹੁੰਚ ਹੀ ਨਹੀਂ ਤੇ ਜਿਥੇ ਦੇਸ, ਕਾਲ ਨਾਮ ਤੇ ਰੂਪ ਦੀਆਂ ਹਦਾਂ ਹੀ ਟਪ ਜਾਈਦੀਆਂ ਹਨ। ਏਸੇ ਲਈ ਹੀ ਤਾਂ ਇਹ ਦਸਮ ਦੁਆਰ ਹੈ, ਤ੍ਰਿੰਨ ਗੁਣਾਂ ਤੋਂ ਉਤੇ ਚੋਥਾ ਪਦ ਹੈ। ਇਹ ਐਸਾ ਕਉਤਕ ਹੈ ਜੋ ਬਹੁਤ ਹੀ ਪਿਆਰਾ ਸੁਆਦਲਾ ਤੇ ਮਿਠਾ ਨਸ਼ਾ ਚਾੜ੍ਹ ਦਿੰਦਾ ਹੈ, ਜਿਸ ਨੂੰ ਲਗਾਤਾਰ ਕਾਇਮ ਰਖਣ ਦੀ ਤੀਬਰਤਾ ਹੋ ਜਾਂਦੀ ਹੈ। ਅੰਦਰ ਸੁਖ, ਸ਼ਾਂਤੀ, ਅਨੰਦ, ਟਿਕਾਉ ਤੇ ਪ੍ਰਕਾਸ਼ ਦੇ ਮਾਨੋ ਚਸ਼ਮੇ ਫੁਟ ਪੈਂਦੇ ਹਨ ਤੇ ਹੈਰਾਨੀ ਅਤੇ ਵਿਸਮਾਦ ਦੀ ਹਾਲਤ ਵਿਚ ਲੈ ਜਾਂਦੇ ਹਨ। ਇਸ ਰੂਹਾਨੀ ਪਰੀਵਰਤਨ ਨੂੰ ਅਜ ਕਲ ਦੀ ਬੋਲੀ ਵਿਚ ਰਹਸਵਾਦ ਕਹਿਆ ਜਾਂਦਾ ਹੈ। ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਅੰਦਰ ਉਹ ਆਪ ਆ ਵਸਦਾ ਹੈ ਜੋ ਅਕਥ ਹੈ, ਅਗੋਚਰ ਹੈ, ਅਪ੍ਰੰਪਰ ਹੈ, ਪਾਰਬ੍ਰਹਮ ਹੈ, ਬੋਲੀ ਦੀਆਂ ਸੀਮਾਵਾਂ ਤੋਂ ਪਰੇ ਹੈ। ਬੋਲੀ ਨ ਤਾਂ ਸਮ ਤੇ ਸਥਾਨ ਦੀਆਂ ਹਦਾਂ ਅੰਦਰ ਹੀ ਰਹਿਣਾ ਹੁੰਦਾ ਹੈ ਪਰ ਉਹ ਸਭ ਹਦਾਂ ਤੋੜਦਾ ਹੈ। ਉਸ ਦੀ ਪ੍ਰਾਪਤੀ ਦਾ ਤਜਰਬਾ ਸੰਸਾਰ ਦੇ ਭੌਤਕ ਤਜਰਬਿਆਂ ਤੋਂ ਬਿਲਕੁਲ ਵਖਰਾ ਹੈ। ਜੀਵਨ ਵਿਚ ਜੋ ਤਜਰਬੇ ਆਵੰਦੇ ਹਨ ਬੋਲੀ ਨੇ ਤਾਂ ਕੇਵਲ ਓਹੋ ਬਿਆਨ ਕਰਨੇ ਹੁੰਦੇ ਹਨ। ਜਿਸ ਨੇ ਇਸ ਜੋਤੀ ਦੇ ਦਰਸ਼ਨ ਕਰ ਲਏ ਹਨ ਉਹ ਅਪਣੇ ਅੰਦਰ

ਵਰਤਦੇ ਕਉਤਕ ਨੂੰ ਜਾਨਦਾ ਹੈ, ਉਸ ਤੋਂ ਉਪਜੇ ਅਨੰਦ ਨੂੰ ਮਾਣਦਾ ਵੀ ਹੈ ਪਰ ਦਸੇ ਕੀ ? ਉਹਨੂੰ ਦਸਣ ਦੀ ਲੋੜ ਵੀ ਨਹੀਂ ਹੁੰਦੀ। ਨਾਲੇ ਬਾਹਰਲੀਆਂ ਉਕਤੀਆਂ ਯੁਕਤੀਆਂ ਏਥੇ ਢਹਿ ਢੇਰੀ ਹੋ ਜਾਂਦੀਆਂ ਹਨ। ਇਸ ਲਈ ਇਸ ਨੂੰ ਮਨੁਖੀ ਬੋਲੀ ਵਿਚ ਦਸਿਆਂ ਬਿਬਾਵਲੀ, ਚਿਤ੍ਰਾਵਲੀ, ਰੂਪਕ, ਉਪਮਾਵਾਂ, ਚਿੰਨ, ਮਿਥਿਆਸ ਸਭ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਦੇ ਮੋਟੇ ਮੋਟੇ ਅੰਗ ਹਨ ਰੋਸ਼ਨੀ ਹੀ ਰੋਸ਼ਨੀ, ਵਿਸਮਾਦ ਹੀ ਵਿਸਮਾਦ, ਅਨੰਦ ਹੀ ਅਨੰਦ, ਏਕਤਾ ਹੀ ਏਕਤਾ ਜਿਸ ਵਿਚ ਦਵੈਤ ਦਾ ਪੂਰਨ ਅਭਾਵ ਹੈ। ਆਤਮਾ ਦੀ ਜੋਤ ਜਗ ਪਈ ਹੈ। ਧਨ ਪਿਰ ਦਾ ਮੇਲ ਹੋ ਗਿਆ ਹੈ। ਸਭ ਅੰਧੇਰੇ ਜੋ ਅਗਿਆਨਤਾ ਨੇ ਪਾਏ ਸਨ ਦੂਰ ਹੋ ਗਏ ਹਨ। ਆਤਮਾ ਅਪਣੇ ਨਿਰੋਲ ਰੂਪ ਵਿਚ ਜੋਤਿ ਸਰੂਪ ਤਾਂ ਪਹਲਾਂ ਹੀ ਸੀ ਪਰ ਅਸਲੀਅਤਾ ਓਝਲ ਹੋ ਜਾਣ ਨਾਲ ਜੋਤਿ ਇਕ ਤਰ੍ਹਾਂ ਬੁਝੀ ਹੋਈ ਸੀ। ਪਰ ਹੁਣ ਨਾਮ ਦੁਆਰਾ ਜੋਤ ਮੁੜ ਜਗਨ ਨਾਲ ਆਤਮਾ ਅਪਣੇ ਅਸਲ ਘਰ ਵਿਚ ਆ ਗਈ ਹੈ। ਅੰਦਰ ਮਾਨੋ ਲੰਮਾ ਤਾਰਾ ਚੜ੍ਹ ਪਿਆ ਹੈ :

> 'ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥
> ਸੇਵਕ ਪੂਰਾ ਕਰੰਮਾ ਸਤਿਗੁਰਿ ਦੇਖਾਲਿਆ ਰਾਮ ॥'
>
> (ਤੁਖਾਰ ਮਹਲਾ ੧)

ਪਰ ਕੀ ਇਹ ਸਚ ਮੁਚ ਹੀ ਤਾਰਾ ਹੈ ? ਉਤਰ ਇਹ ਹੈ :

> 'ਝਿਲਿ ਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
> ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇੰਦਾ।'
>
> (ਮਾਰੂ ਮਹਲਾ ੧)

ਅਰਥਾਤ 'ਹਰੀ ਨਾਲ ਮੇਲ ਸਮੇਂ ਅੰਦਰ ਹੋਇਆ ਪ੍ਰਕਾਸ਼, ਚਮਕ ਦਮਕ ਤੇ ਲਿਸ਼ਕਾਰੇ ਮਾਰਦਾ ਹੈ. ਪਰ ਇਹ ਪ੍ਰਕਾਸ਼ ਨਾ ਚੰਦ ਦਾ ਹੈ, ਨਾ ਤਾਰਿਆਂ ਦਾ, ਨਾ ਸੂਰਜ ਦੀ ਕਿਰਨ ਦਾ ਤੇ ਨਾ ਅਕਾਸ਼ ਦੀ ਬਿਜਲੀ ਦਾ। ਇਉਂ ਸਮਝੋ ਕਿ ਮੈਂ ਇਕ ਅਕਥ ਬਾਤ ਦਾ ਕਥਨ ਕਰ ਰਿਹਾ ਹਾਂ ਜਿਸ ਦਾ ਕੋਈ ਵੀ ਚਕ੍ਰ ਚਿਹਨ ਨਹੀਂ ਹੈ। ਪਰ ਇਹ ਸਚਾਈ ਹੈ ਕਿ ਜਿਸ ਮਨ ਵਿਚ ਪ੍ਰਕਾਸ਼ ਵਾਪਰਦਾ ਹੈ ਉਸ ਨੂੰ ਇਹ ਬੜਾ ਪਿਆਰਾ ਲਗਦਾ ਹੈ।'

ਗਿਆਨ ਸਰੂਪ ਹਰੀ ਨੇ ਅੰਦਰ ਵਸ ਕੇ ਸਾਰਾ ਅੰਦਰ ਜਗ ਮਗਾ ਦਿਤਾ ਹੈ। ਆਤਮਕ ਅਖਾਂ ਜਾਂ ਗਿਆਨ-ਅਖਾਂ ਖੁਲ ਗਈਆਂ ਹਨ, ਰੋਸ਼ਨੀ ਹੀ ਰੋਸ਼ਨੀ ਹੋ ਗਈ ਹੈ ਪਰ ਹੈ ਇਹ ਸਭ ਉਸ ਦਾ ਹੀ ਪ੍ਰਗਟਾਵਾ, ਭਾਵੇਂ ਇਸ ਨੂੰ ਕਿਸੇ ਤਰ੍ਹਾਂ ਵੀ ਬਿਆਨ ਕਰ ਲਿਆ ਜਾਵੇ। ਇਸ ਜੋਤ ਦੀ ਰੋਸ਼ਨੀ ਵਿਚ ਭਾਰੇ ਭੇਦ ਖੁਲੇ ਪਏ ਹਨ ਤੇ ਆਤਮਾ ਸ਼ੁਧ ਹੋ ਕੇ ਬੇਅੰਤ ਗੁਣ ਤੇ ਸ਼ਕਤੀਆਂ ਦੀ ਮਾਲਕ ਹੋ ਗਈ ਹੈ। ਪੂਰਨ ਗਿਆਨ ਦੀ ਪ੍ਰਾਪਤੀ ਦਾ ਇਹ ਸੂਚਕ ਹੈ। ਅਸਲੀਅਤਾਂ ਪ੍ਰਗਟ ਹੋ ਗਈਆਂ ਹਨ ਤੇ ਬੇਅੰਤ ਮਾਨਸਕ ਤੇ ਆਤਮਕ ਸ਼ਕਤੀਆਂ ਦਾ ਚਮਤਕਾਰ ਸਾਹਮਣੇ ਆ ਗਿਆ ਹੈ। ਇਸ ਤੋਂ ਹੀ ਹੈਰਾਨੀ ਤੇ ਵਿਸਮਾਦ ਉਪਜਿਆ ਹੈ। ਇਸ ਦਾ ਆਣਾ ਕੁਦਰਤੀ ਤੇ ਅਵਸ਼ ਸੀ। ਜੇ ਕਿਸੇ ਗਰੀਬ ਤੇ ਨਿਮਾਣੇ ਆਦਮੀ ਨੂੰ ਚੁਕ ਕੇ ਕੋਈ ਬਾਦਸ਼ਾਹ ਬਣਾ ਦੇਵੇ, ਇਕ ਐਸੀ ਘਟਨਾ ਹੈ ਜਿਸ ਦੀ ਉਸ ਆਦਮੀ ਨੂੰ ਕਦੇ ਸੁਪਨੇ ਵਿਚ ਵੀ ਆਸ ਨਹੀਂ ਹੋਈ ਸੀ ਤੇ ਉਹ ਹੈਰਾਨ ਹੋ ਹੋ ਜਾਂਦਾ ਹੈ, ਤਿਵੇਂ ਜਦ ਅੰਦਰ ਦੀ ਬਾਦਸ਼ਾਹੀ ਜੋ ਨਜ਼ਰੋਂ ਉਹਲੇ ਲੁਕੀ ਪਈ ਸੀ ਦਿਸ ਪੈਂਦੀ ਹੈ ਤਾਂ ਹੈਰਾਨ ਹੋਣਾ ਕੁਦਰਤੀ ਹੀ ਹੈ ਕਿ ਇਹ ਪਹਿਲਾਂ ਕਿਉਂ ਨਾ ਪ੍ਰਾਪਤ ਹੋਈ। ਜਿਸ ਕਿਸੇ ਨਾਲ ਇਹ ਘਟਨਾ ਵਾਪਰਦੀ ਹੈ ਉਹ ਅਨੰਦ ਨਾਲ ਲੋਟ ਪੋਟ ਹੋ ਜਾਂਦਾ ਹੈ। ਇਸ ਸੁਖ ਤੇ ਅਨੰਦ ਦੀ ਝੂਮ ਵਿਚ ਉਹ ਦਸ ਕੁਝ ਨਹੀਂ ਸਕਦਾ। ਕਿਉਂਕਿ ਇਹ ਉਹ ਅਨੰਦ ਹੈ ਜੋ ਆਮ ਮਨੁੱਖਾਂ ਦੇ ਤਜਰਬੇ ਵਿਚ ਆਇਆ ਹੀ ਨਹੀਂ। ਇਹ ਸਰੀਰਕ ਅਨੰਦ ਨਹੀਂ, ਆਤਮਕ ਅਨੰਦ ਹੈ ਭਾਵੇਂ ਇਸ ਅਨੰਦ ਨਾਲ ਸਰੀਰ ਵੀ ਹਰਾ ਭਰਾ ਹੋਇਆ ਹੈ। ਇਸ ਦਾ ਸਵਾਦ ਐਸਾ ਹੈ ਜਿਸ ਦੇ ਆਣ ਨਾਲ ਬਾਕੀ ਸਭ ਸੁਆਦ ਫਿਕੇ ਹੋ ਕੇ ਦਿਸੇ ਹਨ। ਕੇਲਾ ਠੀਕ ਮਿਠਾ ਹੈ ਪਰ ਮਿਸਰੀ ਖਾਣ ਤੋਂ ਬਾਅਦ ਇਸ ਦਾ ਸਵਾਦ ਫਿਕਾ ਲਗਦਾ ਹੈ। ਸ਼ਬਦ, ਰਸ, ਰੂਪ, ਗੰਧ ਤੇ ਸਪਰਸ਼ ਗਿਆਨ ਇੰਦ੍ਰਿਆਂ ਦੇ ਪੰਜ ਲਖਣ ਹਨ। ਆਮ ਮਨੁੱਖਾਂ ਦੇ ਤਜਰਬੇ ਵਿਚ ਆਏ ਸਭ ਅਨੰਦ ਇਹਨਾਂ ਨਾਲ ਸਬੰਧਤ ਇੰਦ੍ਰਕ ਅਨੰਦ ਹੀ ਹੁੰਦੇ ਹਨ, ਇਹਨਾਂ ਤੋਂ ਉਤੇ ਹੋਰ ਅਨੰਦਾਂ ਦੇ ਤਜਰਬੇ ਉਹਨਾਂ ਨੂੰ ਹੁੰਦੇ ਹੀ ਨਹੀਂ। ਇਸ ਲਈ ਆਤਮ ਰਸੀਆਂ ਦੇ ਅਪਣੇ ਤਜਰਬੇ ਵਿਚ ਆਏ ਆਤਮਕ ਅਨੰਦਾਂ ਨੂੰ ਦੁਨੀਆਂ ਸਮਝ ਨਹੀਂ ਸਕਦੀ ਪਰ ਇੰਨ੍ਹਾਂ ਨੂੰ ਕੁਝ ਸਮਝ ਗੋਚਰਾ ਕਰਨ ਲਈ ਇੰਦ੍ਰਕ ਅਨੰਦਾਂ ਦੀ ਹੀ ਅਲੰਕਾਰਕ ਸਹਾਇਤਾ ਲੈਣੀ ਪੈਂਦੀ ਹੈ।

ਮਸਲਨ ਕਦੇ ਕਹਿਆ ਜਾਂਦਾ ਹੈ ਕਿ ਐਸਾ ਅੰਮ੍ਰਿਤ ਵਰ੍ਹਦਾ ਹੈ, ਜਿਸ ਨੂੰ ਜੀਭ ਮਾਨਦੀ ਹੋਈ ਖੀਵੀਂ ਹੋ ਹੋ ਜਾਂਦੀ ਹੈ ਤੇ ਕਦੇ ਰਜਦੀ ਨਹੀਂ ਤੇ ਅੰਮ੍ਰਿਤ ਦੇ ਪਿਆਲੇ ਨੂੰ ਬੁਲ੍ਹਾਂ ਨਾਲ ਲਾਈ ਰਖਣਾ ਚਾਹੁੰਦੀ ਹੈ। ਕਦੇ ਸ਼ਰਾਬ ਦੇ ਨਸ਼ੇ ਦਾ ਅਲੰਕਾਰ ਹੈ, ਐਸਾ ਨਸ਼ਾ ਜੋ ਕਦੇ ਉਤਰਦਾ ਨਹੀਂ। ਕਦੇ ਕਰੋੜਾਂ, ਸੂਰਜਾਂ ਤਾਰਿਆਂ ਤੇ ਚੰਦਰਮਾਂ ਦੇ ਚੜ੍ਹਨ ਦਾ ਅਲੰਕਾਰ ਹੈ ਜਿਸ ਦੇ ਕਾਰਨ ਅਖਾਂ ਨੂੰ ਬੇਹਦ ਪ੍ਰਕਾਸ਼ ਤੇ ਰੋਸ਼ਨੀ ਹੁੰਦੀ ਹੈ। ਇਸੇ ਤਰ੍ਹਾਂ ਕ੍ਰੋੜਾਂ ਬਾਗ ਤੇ ਬਗੀਚਿਆਂ ਤੋਂ ਚੰਦਨ ਤੇ ਅਤਰ ਦੀ ਖੁਸ਼ਬੋ ਜੋ ਨਕ ਨੂੰ ਰੀਝਾਵੇ ਜਾਂ ਐਸੀ ਅਨੰਦਮਈ ਛੋਹ ਜਿਸ ਨੂੰ ਤੁਚਾ ਅਨਭਵ ਕਰੇ, ਅਲੰਕਾਰਕ ਬਿਆਨ ਹਨ। ਪਰ ਏਥੇ ਅਸੀਂ ਉਸ 'ਸ਼ਬਦ' ਦਾ ਜ਼ਿਕਰ ਕਰ ਰਹੇ ਹਾਂ ਜੋ ਬਿਨ ਵਜਾਇਆ ਅੰਦਰ ਵਜਦਾ ਹੈ ਤੇ ਬੜਾ ਮਿਠਾ, ਮਿਲਵਾਂ ਰਸਦਾਇਕ ਤੇ ਸਦਾ ਰਹਿਣ ਵਾਲੇ ਅਨੰਦ ਦਾ ਪ੍ਰਭਾਵ ਪਾਂਦਾ ਹੈ ਜਿਵੇਂ ਕਿ ਵਾਜੇ, ਵੀਣਾ ਤੇ ਕਿੰਗਰੀ ਆਦਿਕ ਸਚ ਮੁਚ ਅੰਦਰ ਵਜ ਰਹੇ ਹਨ। ਹਾਂ, ਇਹ ਠੀਕ ਵਜਦੇ ਹਨ ਪਰ ਇਹ ਕੰਨਾਂ ਦਾ ਵਿਸ਼ਾ ਨਹੀ ਹੁੰਦੇ। ਇਹ ਰੂਪ ਰੇਖਾ ਤੋਂ ਨਿਆਰੇ ਹਨ ਤੇ ਅਨੰਦ ਸਰੂਪ ਪ੍ਰਮਾਤਮਾ ਦਾ ਇਕ ਪ੍ਰਗਟਾਵਾ ਹੀ ਹੁੰਦੇ ਹਨ। ਇਹ ਆਤਮਾ ਦੇ ਕੰਨਾਂ ਵਿਚ ਓਵੇਂ ਹੀ ਵਜਦੇ ਹਨ ਜਿਵੇਂ ਗਿਆਨ ਦੀ ਰੋਸ਼ਨੀ ਨੂੰ ਆਤਮਾ ਦੀਆਂ ਗਿਆਨ-ਅਖਾਂ ਵੇਖਦੀਆਂ ਹਨ। ਇਹ ਉਹ ਨਾਦ ਨਹੀਂ ਜੋ ਧਨ ਪਿਰ ਦੇ ਮੇਲ ਤੋਂ ਬਿਨਾ ਹੀ ਸੁਣੇ ਜਾ ਸਕਣ, ਇਹ ਨਾਮ ਤੇ ਆਧਾਰਤ ਹਨ। ਜੇ ਅੰਦਰ 'ਅਨੰਦ ਭਇਆ' ਹੈ, ਤਾਂ ਇਸ ਲਈ ਕਿ ਸਤਿਗੁਰੂ (ਸਚੇ ਗੁਰੂ, ਹਰੀ) ਨੂੰ ਪਾ ਲਿਆ ਗਿਆ ਹੈ, ਇਸ ਸਤਿਗੁਰੂ ਨੂੰ 'ਸਹਿਜ ਸੇਤੀ' ਅਰਥਾਤ ਸਹਿਜ ਵਿਚ ਅਪੜ ਕੇ ਪਾਇਆ ਹੈ ਤੇ ਸਿਟੇ ਵਜੋਂ 'ਮਨਿ ਵਧਾਈਆਂ ਵਜੀਆਂ' ਹਨ। ਐਸੀ ਖੁਸ਼ੀ ਉਪਜੀ ਹੈ ਕਿ ਮਾਨੋਂ 'ਰਾਗ ਰਤਨ ਪਰਵਾਰ ਪਰੀਆਂ ਸ਼ਬਦ ਗਾਵਨ ਆਈਆਂ' ਹਨ। ਹੁਣ 'ਅਨੰਦ ਸੁਣਹੁ ਵਡ-ਭਾਗੀਹੋ ਸਗਲ ਮਨੋਰਥ ਪੂਰੇ' ਹੋਏ ਹਨ। 'ਪਾਰਬ੍ਰਹਮ ਪ੍ਰਭੁ ਪਾਇਆ' ਹੈ ਅਤੇ ਉਤਰੇ ਹਨ 'ਸਗਲ ਵਸੂਰੇ'। ਜਿਸ ਘਰ ਵਿਚ ਉਹ ਆ ਵਸਿਆ ਹੈ, ਖੁਸ਼ੀ ਉਸ ਦੇ ਘਰ ਵਿਚ ਆ ਜਾਂਦੀ ਹੈ, ਖੁਸ਼ੀ ਸਗੋਂ ਉਸ ਨੇ ਆਪ ਵਰਤਾਈ ਹੈ। ਵਾਜੇ ਚਾਹੇ ਪੰਜ ਹੋਣ ਚਾਹੇ ਅਨੇਕ, ਸ਼ਬਦ ਚਾਹੇ ਇਕ ਵਜੇ ਚਾਹੇ ਬਹੁਤੇ, ਕਿੰਗਰੀ ਵਜੇ ਚਾਹੇ ਵੀਣਾ, ਉਸ ਅਨੰਦ ਨੂੰ ਹੀ ਪਰਗਟਾਣ ਲਈ ਹਨ। ਅੰਦਰਲਾ ਅਨੰਦ ਸਚ

ਮੁਚ ਸੰਗੀਤਕ ਹੋ ਕੇ ਵਜਿਆ ਹੈ ਪਰ ਨਿਰਾ ਸੰਗੀਤ ਹੀ ਕੋਈ ਮਨੋਰਥ ਨਹੀਂ। ਕੀ ਕਈ ਹਾਲਤਾਂ ਵਿਚ ਇਹ ਸੰਭਵ ਨਹੀਂ ਕਿ ਮਨ ਜੋ ਅਪਣੇ ਅੰਦਰੋਂ ਹੀ ਕਈ ਸ਼ਕਤੀਆਂ ਦਾ ਪ੍ਰਗਟਾਵਾ ਕਰ ਸਕਦਾ ਹੈ, ਇਕਾਗਰਤਾ ਦੇ ਪੱਕਣ ਨਾਲ ਕੁਦਰਤ ਵਿਚ ਹੋ ਰਹੇ ਕਿਸੇ ਬਰੀਕ ਸੰਗੀਤ ਨੂੰ ਉਸ ਦੀ ਪਿਚ ਉਤੇ ਕੰਨਾਂ ਨੂੰ ਲੈ ਜਾ ਕੇ, ਸੁਣ ਸਕੇ ? ਪਰ ਇਸ ਸੰਗੀਤ ਦਾ ਮੁਲ ਕੀ ਹੈ ? ਮੁਲ ਤਾਂ ਉਸ ਸੂਰਤ ਵਿਚ ਹੀ ਬਣਦਾ ਹੈ ਜਦ ਅੰਦਰ ਸਾਜਨ ਪ੍ਰਗਟ ਕਰ ਲਈਦਾ ਹੈ ਜਿਸ ਦੇ ਕਾਰਨ ਸੰਗੀਤ ਆਪੇ ਹੀ ਉਪਜ ਪਿਆ ਹੈ। ਪਰ ਇਸ ਸੰਗੀਤ ਨੂੰ ਹੀ ਮਨੋਰਥ ਨਹੀਂ ਬਣਾਇਆ ਜਾ ਸਕਦਾ। ਜੇ ਬਾਹਰਲੇ ਰਸਾਂ ਨੂੰ ਛਡ ਕੇ ਮੁੜ ਓਹੋ ਜਹੇ ਰਸ ਹੀ ਅੰਦਰ ਲਭਣੇ ਹਨ, ਜੇ ਸਭ ਘਾਲਾਂ ਦਾ ਸਿਟਾ ਆਖਰ ਇੰਦ੍ਰਕ ਸਵਾਦ ਹੀ ਹੋਣੇ ਹਨ ਅਰਥਾਤ ਜੇ ਜੀਭ ਨੇ ਮਿਠੇ ਅੰਮ੍ਰਿਤ, ਕੰਨਾਂ ਨੇ ਰਸੀਲੇ ਰਾਗ, ਸ਼ਬਦ ਤੇ ਆਵਾਜ਼ਾਂ, ਅਖਾਂ ਨੇ ਰੋਸ਼ਨੀ ਦੇ ਚਮਤਕਾਰ ਹੀ ਗ੍ਰਹਿਣ ਕਰਨੇ ਹਨ ਤਾਂ ਇਹ ਚੀਜ਼ਾਂ ਬਾਹਰੋਂ ਹੀ ਕਿਉਂ ਨਾ ਲੈ ਲਈਆਂ ਜਾਣ, ਕਠਨ ਸਾਧਨਾਂ ਵਿਚ ਪੈਣ ਦੀ ਕੀ ਲੋੜ ਹੈ। ਖ਼ੈਰ !

'ਸੋ ਸ਼ਬਦ ਠੀਕ ਵਜਦਾ ਹੈ ਪਰ ਇਸ ਨੂੰ ਦਸਿਆ ਨਹੀਂ ਜਾ ਸਕਦਾ ਕਿ ਇਹ ਕੀ ਹੈ। ਇਹੋ ਹੀ ਕਹਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਆਪ ਹੀ ਸੰਗੀਤਕ ਹੋ ਕੇ ਵਜਿਆ ਹੈ। ਇਸ ਦੇ ਵਜਣ ਦਾ ਅਰਥ ਇਹ ਹੈ ਕਿ ਧਨ ਪਿਰ ਦਾ ਮੇਲ ਹੋ ਗਿਆ ਹੈ। ਅਪਣੇ ਹੀ ਆਪੇ ਉਤੇ ਕਿਸੇ ਗੈਬੀ ਆਪੇ ਦਾ ਐਸਾ ਕਬਜ਼ਾ ਹੋ ਗਿਆ ਹੈ ਕਿ ਵਖਰਾ ਆਪਾ ਰਹਿਆ ਹੀ ਨਹੀਂ। ਸਿਟਾ ਇਹ ਹੋਇਆ ਹੈ ਕਿ ਸਾਰੇ ਸੰਸਾਰ ਵਿਚ ਬ੍ਰਹਮ ਹੀ ਬ੍ਰਹਮ ਵਰਤਦਾ ਦਿਸ ਪਿਆ ਹੈ, ਐਸਾ ਪ੍ਰੇਮ ਦਾ ਰਹਸਵਾਦ ਵਰਤਿਆ ਹੈ ਕਿ ਸਾਰੇ ਸੰਸਾਰ ਦੀ ਸੇਵਾ ਦਾ ਚਾਉ ਅਪਣੇ ਆਪ ਹੀ ਉਪਜਿਆ ਹੈ। ਹੁਣ ਨਸਲੀ ਕੌਮੀ ਜਾਂ ਮਜ਼ਹਬੀ ਵਖੇਵੇਂ ਰਹੇ ਹੀ ਨਹੀਂ। ਸਭ ਸੰਸਾਰ ਨੂੰ ਇਕ ਪ੍ਰੇਮ ਦੀ ਲੜੀ ਵਿਚ ਪ੍ਰੋਣ ਨੂੰ ਦਿਲ ਉਛਲਦਾ ਹੈ। ਗੁਰੂ ਨਾਨਕ ਦੇਵ ਜੀ ਵੇਈਂ ਨਦੀ ਉਤੇ ਆਪਣੇ ਹੀ ਅੰਦਰ ਜਾ ਕੇ ਇਸ ਕਿਸਮ ਦੀ ਇਕ ਟੁਬੀ ਲਾ ਆਏ ਸਨ ਜਿਸ ਦੇ ਤੁਰਤ ਬਾਅਦ ਉਹਨਾਂ ਏਕਤਾ ਦਾ ਨਾਅਰਾ ਇਉਂ ਲਾਇਆ ਸੀ 'ਨਾ ਕੋਈ ਹੰਦੂ ਨਾ ਕੋਈ ਮੁਸਲਮਾਣ'। ਉਹਨਾਂ ਦੀ ਨਜ਼ਰ ਵਿਚ ਸਭ ਮਨੁੱਖ ਇਕ ਹੋ ਗਏ ਸਨ ਤੇ ਇਸ ਮਿਸ਼ਨ ਦੀ ਪੂਰਤੀ ਲਈ ਓਸੇ ਸਮੇਂ ਉਹ ਘਰੋਂ ਨਿਕਲ ਤੁਰੇ ਸਨ ਤੇ ਬੁਝੀਆਂ ਜੋਤਾਂ ਜਗਾਣ ਦੀ ਸੇਵਾ ਅਪਣੇ ਸਿਰ ਚੁਕ

ਲਈ ਸੀ। ਏਸੇ ਤਰ੍ਹਾਂ ਦੀ ਕਿਸੇ ਸਮਾਧੀ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਨ ਦਾ ਮਿਸ਼ਨ ਅਪਣੇ ਜ਼ਿਮੇਂ ਲਿਆ ਸੀ ਜੋ ਜਗਤ ਅੰਦਰ ਵਰਤਦੇ ਵਿਤਕਰੇ ਤੇ ਧਕੇ ਕਟ ਦੇਵੇ। ਇਸ ਅਥਾਹ ਆਤਮਕ ਸਰੋਵਰ ਵਿਚ ਟੁਬੀ ਲਾਣ ਪਿਛੋਂ ਹੀ ਉਹਨਾਂ ਬੁਰਾਈ ਦਾ ਟਾਕਰਾ ਕਰਨ ਲਈ ਸ਼ਕਤੀ ਪ੍ਰਾਪਤ ਕਰ ਲਈ ਸੀ। ਇਹ ਅਨੁਭਵੀ ਖੰਡ ਹੈ ਜੋ ਭਾਵੇਂ ਕਿਸੇ ਗਿਣੀ ਮਿਥੀ ਦਲੀਲ ਦੇ ਪੈਰਾਂ ਤੇ ਖੜੀ ਤਾਂ ਨਹੀਂ ਹੁੰਦੀ ਪਰ ਜਦ ਅਖਾਂ ਖੁਲਦੀਆਂ ਹਨ ਤਾਂ ਦਲੀਲ ਇਸ ਨੂੰ ਝਟ ਪਰਵਾਨ ਕਰ ਲੈਂਦੀ ਹੈ। ਅਸਲ ਵਿਚ ਅਨਭਵ ਦਲੀਲ ਦਾ ਹੀ ਵਿਕਾਸ ਹੈ, ਇਸ ਲਈ ਇਹ ਦਲੀਲ ਨੂੰ ਕਟਦਾ ਨਹੀਂ। ਜਿਥੇ ਇਹ ਕਟਦਾ ਹੋਵੇ ਓਥੇ ਸਮਝਣਾ ਚਾਹੀਦਾ ਹੈ ਕਿ ਇਹ ਅਨਭਵ ਹੈ ਹੀ ਨਹੀਂ। ਉਤਲੀ ਵਿਚਾਰ ਦਾ ਭਾਵ ਇਹ ਹੈ ਕਿ ਜਦ ਬਾਹਰਮੁਖੀ ਸੰਸਾਰ ਤੋਂ ਹਟ ਕੇ ਧੁਰ ਅੰਦਰ ਜਾਈਦਾ ਹੈ ਤਾਂ ਆਤਮਾ ਤੇ ਪ੍ਰਮਾਤਮਾ ਦੀ ਏਕਤਾ ਨੂੰ ਸਾਖਿਆਤ ਕਰਦਾ ਹੈ। ਪਰ ਹੁੰਦਾ ਇਹ ਤਦੋਂ ਹੈ ਜਦ ਸਹਿਜ ਵਿਚ ਅਪੜੀਦਾ ਹੈ : 'ਜਾ ਕੇ ਅੰਤਰ ਬਸੈ ਪ੍ਰਭ ਆਪਿ। ਨਾਨਕ ਤੇ ਜਨ ਸਹਜ ਸਮਾਤਿ।' ਤੇ ਸਾਧਨ ਹੈ ਨਾਮ ਜਾਂ ਸ਼ਬਦ ;

'ਕਾਇਆ ਮਹਲ ਮੰਦਰੁ ਘਰੁ ਹਰਿ ਕਾ ਤਿਸ ਮਹਿ ਰਾਖੀ ਜੋਤਿ ਅਪਾਰ।
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ।'

(ਮਲਾਰ ਮਹਲਾ ੧)

ਇਥੇ ਇਕ ਹੋਰ ਸ਼ਬਦ ਦਿੰਦੇ ਹਾਂ ਜੋ ਇਸ ਚਲਦੇ ਵਿਚਾਰ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ :

ਕਰ ਕਿਰਪਾ ਅਪਨੈ ਘਰਿ ਆਇਆ ਤਾਂ ਮਿਲਿ ਸਖੀਆਂ ਕਾਜੁ ਰਚਾਇਆ।
ਖੇਲੁ ਦੇਖਿ ਅਨੰਦ ਭਇਆ ॥ ਸਹੁ ਵੀਆਹਣ ਆਇਆ ॥
ਗਾਵਹੁ ਗਾਵਹੁ ਕਾਮਣੀ ਬਿਬਕ ਬੀਚਾਰੁ ॥
ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ ॥ ਰਹਾਉ ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਣਿਆ ॥
ਤਿਹੁ ਲੋਕਾਂ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥

ਜਿਤੁ ਕਾਰਜੁ ਸਤੁ ਸੰਤੋਖ ਦਇਆ ਧਰਮ ਹੈ ਗੁਰਮੁਖਿ ਬੂਝੈ ਕੋਈ ॥
ਭਨਤਿ ਨਾਨਕ ਸਭਨਾ ਕਾ ਪਿਰੁ ਏਕੋ ਸੋਇ ॥
ਜਿਸਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ (ਆਸਾ ਮਹਲਾ ੧)

ਅਰਥਾਤ 'ਜਦੋਂ ਹਰੀ ਆਪ ਕਿਰਪਾ ਕਰਕੇ (ਮੈਨੂੰ ਵਰਨ ਲਈ) ਮੇਰੇ ਹਿਰਦੇ ਘਰ ਵਿਚ ਆ ਗਏ ਤਾਂ ਸਤਸੰਗੀਆਂ ਨੇ ਮੇਰਾ ਵਿਆਹ ਰਚਾ ਦਿਤਾ। ਹਰੀ ਦਾ ਇਹ ਕਰਤਵ ਆਪਣੇ ਅੰਦਰ ਵਰਤਿਆ ਵੇਖ ਕੇ ਮੈਨੂੰ ਬੜਾ ਅਨੰਦ ਹੋਇਆ, ਉਹ ਆਪ ਹੀ ਮੈਨੂੰ ਵਰਨ ਲਈ ਆਇਆ ਹੈ। ਹੇ ਸਤਸੰਗੀਓ, ਹੁਣ ਬਿਬੇਕ ਵਿਚਾਰ ਦੇ ਗੀਤ ਗਾਵੋ (ਖੁਸ਼ੀ ਵਿਚ) ਕਿਉਂਕਿ ਮੇਰਾ ਪਤੀ, ਸਾਰੇ ਸੰਸਾਰ ਦਾ ਜੀਵਨ, ਆਪ ਹੀ ਮੇਰੇ ਹਿਰਦੇ ਮੰਦਰ ਵਿਚ ਆ ਬਿਰਾਜਿਆ ਹੈ। ਗੁਰੂ ਦੀ ਕਿਰਪਾ ਨਾਲ ਹੀ ਮੇਰਾ ਹਰੀ-ਪਤੀ ਨਾਲ ਵਿਆਹ ਹੋਇਆ ਹੈ। ਜਦੋਂ ਉਸ ਦੇ ਮੈਨੂੰ ਦਰਸ਼ਨ ਹੋਏ ਤਾਂ ਹੀ ਮੈਨੂੰ ਉਸ ਦੀ ਬੇਅੰਤ ਵਡਿਆਈ ਦੀ ਠੀਕ ਸਮਝ ਪਈ ਹੈ। ਹੁਣ ਸਾਰੇ ਬ੍ਰਹਮੰਡ ਵਿਚ ਮੈਨੂੰ ਇਹੋ ਹਰੀ ਸ਼ਬਦ ਰੂਪ ਹੋ ਕੇ ਵਿਸ ਰਹਿਆ ਹੈ। ਸਿਟਾ ਇਹ ਹੋਇਆ ਹੈ ਕਿ ਮੇਰਾ ਆਪਾ ਭਾਵ ਮੁਕ ਹੀ ਗਿਆ ਹੈ ਤੇ ਮਨ ਪਤੀਜ ਗਿਆ ਹੈ। ਇਹ ਮੇਲ ਦਾ ਕਾਰਜ, ਸਤਸੰਗੀਉ, ਹਰੀ ਨੇ ਅਪਣਾ ਹੀ ਕਾਰਜ ਸਮਝਿਆ ਹੈ ਤੇ ਆਪੇ ਹੀ ਇਸ ਨੂੰ ਸਿਰੇ ਚਾੜਿਆ ਹੈ, ਹੋਰ ਕਿਸੇ ਤੋਂ ਇਸ ਦਾ ਸਿਰੇ ਚੜਨਾ ਸੰਭਵ ਵੀ ਨਹੀਂ ਸੀ। ਪਰ ਸਹੇਲੀਏ, ਇਸ ਕਾਰਜ ਲਈ ਪਹਿਲਾਂ ਸਤ, ਸੰਤੋਖ ਤੇ ਧਰਮ ਆਦਿਕ ਇਕਠੇ ਕਰੀਦੇ ਹਨ, ਤਾਂ ਹੀ ਉਹ ਆਉਂਦਾ ਹੈ। ਇਸ ਭੇਦ ਨੂੰ ਕੋਈ ਵਿਰਲੀ ਗੁਰਮੁਖ ਇਸਤ੍ਰੀ ਹੀ ਸਮਝਦੀ ਹੈ। ਨਾਨਕ ਕਹਿੰਦਾ ਹੈ ਕਿ ਸਾਰੇ ਹੀ ਜੀਵਾਂ ਦਾ ਉਹ ਮਾਲਕ ਹੈ ਪਰ ਜਿਸ ਤੇ ਉਹ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸ ਨੂੰ ਹੀ ਉਹ ਨਾਲ ਮਿਲਾਉਂਦਾ ਹੈ, ਫਿਰ ਓਹੋ ਸੋਹਾਗਣ ਹੁੰਦੀ ਹੈ।'

ਏਥੇ ਵੀ ਅਲੰਕਾਰ ਹੀ ਵਰਤਿਆ ਹੈ। ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋਇਆ ਹੈ ਜਿਸ ਦੇ ਉਪਰੰਤ ਜੀਵ-ਇਸਤ੍ਰੀ ਨੂੰ ਸਾਰੇ ਸੰਸਾਰ ਅੰਦਰ ਸ਼ਬਦ ਰੂਪ ਹਰੀ ਦਿਸ ਪਿਆ ਹੈ। ਇਹ ਉਹ ਹੀ ਸ਼ਬਦ ਹੈ ਜਿਸ ਨੂੰ ਜੋਗੀਆਂ ਪ੍ਰਤੀ ਨਾਦ ਆਖਿਆ ਸੀ-'ਘਟਿ ਘਟਿ ਵਾਜਹਿ ਨਾਦਿ', ਇਹੋ ਸ਼ਬਦ ਜਗਨ ਨਾਥ ਪੁਰੀ ਦੇ ਪੰਡਤਾਂ ਪ੍ਰਤੀ ਅਨਹਦ ਸ਼ਬਦ ਕਰਕੇ ਬਿਆਨਿਆ ਗਿਆ ਸੀ-'ਅਨਹਤਾ ਸ਼ਬਦ ਵਾਜੰਤ ਭੇਰੀ'। ਜੋਤੀ ਦੇ ਦਰਸ਼ਨ ਕਰਾਣ ਲਈ ਪਹਿਲਾਂ ਉਸ ਨੂੰ ਸਾਰੀ ਕੁਦਰਤ

ਅੰਦਰ ਵਿਖਾਇਆ ਸੀ। ਅਕਾਸ਼ ਰੂਪ ਥਾਲ ਵਿਚ ਚੰਦ ਤੇ ਸੂਰਜ ਦੋ ਦੀਵੇ ਹਨ, ਤਾਰੇ ਮੋਤੀ ਹਨ, ਚੰਦਨ ਦੀ ਸੁਗੰਧੀ ਧੂਪ ਹੈ, ਹਵਾ ਚੋਰ ਹੈ ਅਤੇ ਬਨਾਸਪਤੀ ਆਦਿਕ ਫੂਲ ਹਨ। ਇਹ ਉਸ ਆਰਤੀ (ਪੂਜਾ) ਲਈ ਮਾਨੋ ਬਾਹਰ ਸਾਮਾਨ ਹਨ ਪਰ ਭੇਰੀ ਅੰਦਰ ਵਜ ਰਹੀ ਹੈ-ਅਨਹਦ ਸ਼ਬਦ ਦੀ। ਇਹ ਜੀਵਾਂ ਦੇ ਅੰਦਰ ਹੀ ਵਜਦੀ ਹੈ ਭਾਵੇਂ ਸਾਰੇ ਇਸ ਨੂੰ ਸੁਣਦੇ ਨਹੀਂ। ਇਸ ਨੂੰ ਸੁਣਨ ਲਈ ਪਹਿਲਾਂ ਯੋਗਤਾ ਪ੍ਰਾਪਤ ਕਰਨੀ ਹੈ। ਸਤ, ਸੰਤੋਖ, ਦਇਆ, ਧਰਮ ਆਦਿਕ ਦੀ ਪੂੰਜੀ ਪਹਿਲਾ ਇਕਠੀ ਕਰਨੀ ਪੈਂਦੀ ਹੈ। ਇਹ ਸ਼ਬਦ ਅਬਨਾਸੀ ਹੈ, ਇਸ ਲਈ ਹੀ ਇਸ ਨੂੰ ਅਨਹਦ ਸ਼ਬਦ ਆਖਿਆ ਹੈ।

'ਏਕ ਸ਼ਬਦੁ ਹੋਰੁ ਦੂਜਾ ਨਾਸਤਿ ਕੰਦ ਮੂਲਿ ਮਨ ਲਾਵਸਤਾ ॥'

ਅਰਥਾਤ 'ਇਕ ਸ਼ਬਦ ਹੀ ਹੈ ਜੋ ਸਥਿਰ ਹੈ। ਹੋਰ ਸ਼ਬਦ (ਜੋ ਕੰਨਾਂ ਨਾਲ ਸੁਣੇ ਜਾਂਦੇ ਹਨ) ਨਾਸਵੰਤ ਹਨ। ਹੇ ਜੋਗੀ, ਅਜੇਹਾ ਸ਼ਬਦ ਹੀ ਤੇਰੇ ਆਤਮਕ ਜੀਵਨ ਦਾ ਆਧਾਰ ਬਣੇਗਾ ਜਿਵੇਂ ਕੰਦ ਮੂਲ ਤੇਰੇ ਸਰੀਰ ਦਾ ਆਧਾਰ ਬਣਦੇ ਹਨ।'

ਗੁਰੂ ਸਾਹਿਬ ਯੋਗੀਆਂ ਨੂੰ ਦਸਣਾ ਚਾਹੁੰਦੇ ਹਨ ਕਿ ਪ੍ਰਮਾਤਮਾ ਆਪ ਹੀ ਸ਼ਬਦ ਹੈ ਅਤੇ 'ਅਨਹਦ ਸ਼ਬਦ' ਆਤਮਾ ਅੰਦਰ ਉਸ ਦਾ ਪ੍ਰਗਟਾਵਾ ਹੈ ਜਾਂ ਵਜਣਾ ਹੈ। ਉਹ ਯੋਗੀਆਂ ਦੇ ਸਾਰੇ ਸਾਧਨਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਤੇ ਕਿਸੇ ਇਕ ਨੂੰ ਵੀ ਛੁਟਿਆਂਦੇ ਨਹੀਂ ਪਰ ਉਹਨਾਂ ਸਾਧਨਾਂ ਦਵਾਰਾ ਪ੍ਰਾਪਤ ਹੋਏ ਅਨਹਦ ਸ਼ਬਦ ਦੇ ਸਹੀ ਸਰੂਪ ਵਲ ਉਹਨਾਂ ਦਾ ਧਿਆਨ ਕਰਾਂਦੇ ਹਨ। ਆਖਰ ਮਨ ਤੇ ਸਰੀਰ ਦੀਆਂ ਕਸਰਤਾਂ, ਚਾਹੇ ਕਿਸੇ ਸ਼ਕਲ ਵਿਚ ਹੋਣ, ਆਤਮਾ ਦੀ ਕਲਿਆਨਤਾ ਤਾਂ ਹੀ ਕਰ ਸਕਦੀਆਂ ਹਨ ਜੇ ਉਹ ਨਿਜ-ਸਰੂਪ ਵਿਚ ਲੈ ਜਾਣ ਦਾ ਕਾਰਨ ਬਨਣ। ਸਰੀਰ ਨੂੰ ਸਾਧ ਕੇ ਅਰੋਗ ਹੋਣਾ ਤੇ ਉਮਰ ਵਧਾ ਲੈਣਾ ਹੋਰ ਗਲ ਹੈ ਤੇ ਉਤਮ ਕਰਮ ਵੀ ਹੈ। ਇਕਾਗਰਤਾ ਦਵਾਰਾ ਮਨ ਨੂੰ ਸ਼ਕਤੀਸ਼ਾਲੀ ਕਰਨਾ ਵੀ ਗੁਣਕਾਰੀ ਹੈ। ਇਨ੍ਹਾਂ ਸਾਧਨਾਂ ਦਵਾਰਾ ਉਚੇਰੀ ਸੁਰਤ ਵਿਚ ਅਪੜਨਾ ਵੀ ਆਸਾਨ ਬਣ ਸਕਦਾ ਹੈ ਪਰ ਮਨੋਰਥ ਤਾਂ ਹੈ ਅਪਣੇ ਸਰੂਪ ਵਿਚ ਦਾਖਲ ਹੋਣਾ, ਨੀਵੇਂ ਆਪੇ ਤੋਂ ਉਠ ਕੇ ਜੋਤਿ ਸਰੂਪੀ ਆਪੇ ਵਿਚ ਅਪੜਨਾ, ਸਾਧਨ ਭਾਵੇਂ ਕੋਈ ਹੋਣ। ਜਦ ਉਸ ਆਪੇ ਦੇ ਦਰਸ਼ਨ ਹੁੰਦੇ ਹੋਣ ਤੇ ਇਸ ਤੋਂ ਅਨਹਦ ਸ਼ਬਦ ਪ੍ਰਗਟਾਇਆ ਹੋਵੇ ਤਾਂ ਇਹ ਸ਼ਬਦ ਮਹਾਨ ਹੈ। ਗੁਰੂ ਸਾਹਿਬ ਉਸ ਸ਼ਬਦ ਨੂੰ ਸੁਣਣਾ

ਚਾਹੁੰਦੇ ਹਨ ਜੋ ਆਤਮਾ ਦੇ ਪ੍ਰਮਾਤਮਾ ਨਾਲ ਮੇਲ ਤੋਂ ਉਪਜਿਆ ਹੈ, ਜੋ ਹਰੀ ਦੇ ਪ੍ਰੇਮ, ਨਾਮ ਬਾਣੀ ਦੇ ਅਭਿਆਸ, ਗੁਰਮੁਖਾਂ ਦੇ ਮੇਲ ਤੇ ਸਤਿਸੰਗ ਦੇ ਪ੍ਰਤਾਪ ਨਾਲ ਪ੍ਰਾਪਤ ਹੋਇਆ ਹੈ। ਇਹ ਮੋਖ ਦਾਤਾ ਹੈ, ਇਸ ਦੇ ਵੱਜਨ ਨਾਲ ਭਰਮ ਭਉ ਨਾਸ ਹੋ ਗਏ ਹਨ ;

'ਅਨਹਦ ਵਾਜੇ ਭਰਮ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ।'

(ਮਾਰੂ ਮਹਲਾ ੧)

ਇਹ ਸ਼ਬਦ ਚਕ੍ਰ ਚਿਹਨ ਤੋਂ ਰਹਿਤ ਹੈ, ਇਹ ਅਬਿਨਾਸੀ ਹੈ ਤੇ ਹਰੀ ਨਾਲ ਮੇਲ ਦਾ ਇਕ ਪ੍ਰਗਟਾਵਾ ਹੈ। ਪਰ ਉਹ ਸ਼ਬਦ ਜੋ ਨਿਰਾ ਕੰਨਾਂ ਦਾ ਵਿਸ਼ਾ ਹੈ, ਆਤਮਾ ਦੀ ਖੁਰਾਕ ਨਹੀਂ ਬਣ ਸਕਦਾ। ਭਗਤ ਕਬੀਰ ਜੀ ਨੇ ਅਤੇ ਉਹਨਾਂ ਤੋਂ ਪਹਿਲਾਂ ਹੋ ਚੁਕੇ ਕਈ ਹੋਰ ਭਗਤ ਵੀ ਜੋਗ ਸਾਧਨਾਂ ਕਰਦੇ ਸਨ ਪਰ ਜਦ ਉਹ ਨਾਮ, ਬਾਣੀ ਦੇ ਰਾਹ ਤੇ ਆ ਗਏ ਸਨ ਤਾਂ ਉਹ ਗੁਰੂ ਜੀ ਦੇ ਏਨੇ ਨੇੜੇ ਹੋ ਗਏ ਸਨ ਕਿ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ ਗਈ ਸੀ। ਉਸ ਬਾਣੀ ਵਿਚ ਐਸੇ ਸ਼ਬਦ ਹਨ ਜੋ ਜੋਗ ਸਾਧਨਾ ਨਾਲ ਸਬੰਧ ਰਖਦੇ ਹਨ। ਪਰ ਕਿਉਂਕਿ ਉਹਨਾਂ ਨਾਮ ਬਾਣੀ ਦੀ ਸਰਬ ਉਤਮ ਸਾਧਨਾਂ ਨੂੰ ਪਰਵਾਨ ਕਰ ਲਿਆ ਹੋਇਆ ਸੀ, ਉਹ ਗੁਰੂ ਜੀ ਦੀ ਨਜ਼ਰਾ ਵਿਚ ਪਰਵਾਨ ਚੜ੍ਹੇ ਸਨ। ਇਹ ਸਤਿਗੁਰੂ ਦੀ ਵਿਸ਼ਾਲ ਸੋਚਣੀ ਦਾ ਪ੍ਰਗਟਾ ਹੈ ਕਿ ਉਹ ਸਾਧਨਾ ਦੇ ਛੋਟੇ ਮੋਟੇ ਇਖਤਲਾਫਾ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਸਨ ਜੇ ਜੀਵਨ ਦਾ ਸਮੁਚਾ ਮਨੋਰਥ ਪੂਰਾ ਹੋ ਜਾਂਦਾ ਹੋਵੇ। ਨਿਰਾ ਸਾਧਨਾਂ ਦੇ ਸਵਾਲ ਤੇ ਹੀ ਨਹੀਂ, ਹੋਰ ਵਿਸ਼ਿਆਂ ਤੇ ਵੀ ਉਹ ਇਉਂ ਹੀ ਸੋਚਦੇ ਸਨ। ਮਸਲਨ ਕਬੀਰ ਜੀ ਅਹਿੰਸਾ ਦੇ ਅਸੂਲ ਨੂੰ ਇਸ ਹਦ ਤਕ ਮੰਨਦੇ ਸਨ ਕਿ ਉਹਨਾਂ ਦੇ ਖਿਆਲ ਵਿਚ ਇਸ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਛਡਿਆ ਜਾ ਸਕਦਾ। ਗੁਰੂ ਸਾਹਿਬ ਇਸ ਹਦ ਤਕ ਨਹੀਂ ਜਾਂਦੇ ਸਨ ਪਰ ਇਸ ਇਖਤਲਾਫ ਦੇ ਬਾਵਜੂਦ ਵੀ ਉਹਨਾਂ ਨੇ ਕਬੀਰ ਜੀ ਦੇ ਅਹਿੰਸਾ ਸੰਬੰਧੀ ਵਿਚਾਰਾਂ ਨੂੰ ਬਾਣੀ ਵਿਚ ਥਾਂ ਦੇ ਕੇ ਸਤਿਕਾਰਿਆ ਸੀ।

ਅੰਤ ਵਿਚ 'ਸਿਧ ਗੋਸ਼ਟਿ' ਦਾ ਸਾਰ ਜੋ ਅਸਾਂ ਰਹਾਉ ਦੀ ਤੁਕ ਦੇ ਸਹਾਰੇ ਸਮਝਿਆ ਹੈ, ਏਥੇ ਦਿੰਦੇ ਹਾਂ :

(੧) ਜੀਵਨ ਦਾ ਮਨੋਰਥ ਸਚ (ਰਬ) ਤੀਕ ਅਪੜਨਾ ਹੈ ।

(੨) ਇਹੋ ਹੀ ਮੋਖ ਹੈ ।

(੩) ਇਸ ਮਨੋਰਥ ਦੀ ਪੂਰਤੀ ਲਈ ਸੁਚਤਾ ਦੀ ਸ਼ਰਤ ਲਾਜ਼ਮੀ ਹੈ । ਇਸ ਤੋਂ ਬਿਨਾਂ ਕੋਈ ਵੀ ਉਪਰਾਲਾ ਸਫਲ ਨਹੀਂ ਹੋ ਸਕਦਾ ।

(੪) ਸੁਚਾ ਹੋ ਕੇ ਸਹਿਜ ਵਿਚ ਜਾਣਾ ਹੈ ਜਿਥੇ ਆਤਮਾ ਨੂੰ ਅਪਣੇ ਸਰੂਪ ਦੇ ਦਰਸ਼ਨ ਹੁੰਦੇ ਹਨ । ਇਹੋ ਰਬ ਤੀਕ ਅਪੜਨਾ ਹੈ ।

(੫) ਤੇ ਸਾਧਨ ਹੈ ਸਾਚ ਸ਼ਬਦ-ਸਚੇ (ਹਰੀ) ਦੇ ਸ਼ਬਦ ਦੀ ਕਮਾਈ । ਇਹੋ ਨਾਮ ਦੀ ਕਮਾਈ ਹੈ ।

(੬) ਸ਼ਬਦ ਸੰਪੂਰਨ ਗੁਰੂ ਪ੍ਰਮਾਤਮਾ ਦਾ ਹੀ ਹੈ ਜਾਂ ਉਸ ਦਾ ਜੋ ਉਸ ਵਿਚ ਪੂਰਨ ਤੌਰ ਲੀਨ ਹੈ ।

ਅਸਾਂ ਨਿਖੇੜ ਕੇ ਇਹ ਵੀ ਦਸਿਆ ਹੈ ਕਿ ਗੁਰੂ ਜੀ ਦੇ ਯੋਗੀਆਂ ਨਾਲ ਕਿਥੇ ਕਿਥੇ ਫਰਕ ਹਨ । ਉਹਨਾਂ ਫਰਕਾਂ ਵਿਚ ਰਿਧੀਆਂ ਸਿਧੀਆਂ ਦਾ ਜ਼ਿਕਰ ਨਹੀਂ ਆਇਆ । ਉਹ ਇਸ ਲਈ ਕਿ 'ਸਿਧ ਗੋਸ਼ਟਿ' ਵਿਚ ਇਸ ਵਿਸ਼ੇ ਤੇ ਕੋਈ ਵਿਚਾਰ ਹੋਈ ਹੀ ਨਹੀਂ । ਵੈਸੇ ਗੁਰੂ ਜੀ ਕਰਾਮਾਤੀ ਸ਼ਕਤੀਆਂ ਲਈ ਕੀਤੇ ਯਤਨਾਂ ਨੂੰ ਪਰਮਾਰਥ ਦੇ ਰਾਹ ਵਿਚ ਰੋਕ ਸਮਝਦੇ ਹਨ ਤੇ ਇਹਨਾ ਦੀ ਲਾਲਸਾ ਅਧਿਆਤਮਕਤਾ ਦੇ ਦ੍ਰਿਸ਼ਟੀਕੋਨ ਤੋਂ ਕਮਜ਼ੋਰੀ ਗਿਣਦੇ ਹਨ । ਇਸ ਨੂੰ ਉਹ ਮਾਇਆ ਦਾ ਜਾਲ ਕਹਿੰਦੇ ਹਨ, ਜਿਵੇਂ 'ਮੋਤੀ ਤ ਮੰਦਰ ਊਸਰਹਿ' ਜਾਂ 'ਮੋਹਣੀ ਮੁਖ ਮਣੀ ਸੋਹੈ' ਜਾਂ 'ਸੁਲਤਾਨ ਹੋਵਾਂ ਮੇਲ ਲਸਕਰ' ਸਭ ਮਾਇਆ ਹਨ ਤਿਵੇਂ 'ਸਿਧ ਹੋਵਾਂ ਸਿਧ ਲਾਈ' ਵੀ ਮਾਇਆ ਦਾ ਹੀ ਜਾਲ ਹੈ । ਜੋ ਇੰਨ੍ਹਾਂ ਚੀਜ਼ਾਂ ਵਿਚ ਲਗਦਾ ਹੈ ਉਹ ਰਬ ਨੂੰ ਨਾ ਸਮਝ ਸਕਦਾ ਹੈ, ਨਾ ਉਸ ਤਕ ਪੁਜ ਸਕਦਾ ਹੈ । ਕਿਉਂਕਿ ਰਾਹ ਦੋ ਹੀ ਹਨ-ਇਕ ਮਾਇਆ ਦਾ ਤੇ ਇਕ ਰਬ ਦਾ । ਇਸ ਲਈ 'ਰਿਧ ਸਿਧ ਅਵਰਾ ਸਾਦ' ਹੀ ਹੈ, ਗੁਰਮੁਖ ਯੋਗੀਆਂ ਨੂੰ ਇਹ 'ਸਾਦ' ਨਹੀਂ ਹੁੰਦੇ । 'ਸਿਧ ਗੋਸ਼ਟਿ' ਵਿਚ ਯੋਗੀਆਂ ਦੇ ਕਈ ਹੋਰ ਪ੍ਰਸ਼ਨ ਵੀ ਹਨ ਜੋ ਸਾਰੇ ਹੀ ਰਹਾਉ ਦੀਆਂ ਦੋ ਨਿਕੀਆਂ ਸਤਰਾਂ ਵਿਚ ਦਿਤੇ ਹੀ ਨਹੀਂ ਜਾ ਸਕਦੇ ਸਨ । ਇਨ੍ਹਾਂ ਦਾ ਸਬੰਧ ਕਿਸੇ ਨ ਕਿਸੇ ਸ਼ਕਲ ਵਿਚ ਉਹਨਾਂ ਗਲਾਂ ਨਾਲ ਹੀ ਹੈ ਜੋ ਅਸੀਂ ਉਪਰ ਦੇ ਆਏ ਹਨ । ਮਸਲਨ

ਜਗਤ ਰਚਨਾ ਕਦੋਂ ਹੋਈ, ਕਿਵੇਂ ਹੋਈ, ਕਿਉਂ ਹੋਈ, ਰਚਨਾ ਤੋਂ ਪਹਿਲਾਂ ਕੀ ਹਾਲਤ ਸੀ, ਤਦੋਂ ਪ੍ਰਮਾਤਮਾ ਕਿਥੇ ਸੀ ਆਦਿਕ ਐਸੇ ਪਰਾਭੌਤਕ ਮਸਲੇ ਹਨ ਜਿਨ੍ਹਾਂ ਦਾ ਜੀਵਨ ਨਾਲ ਕੋਈ ਸਿਧਾ ਸਨਬੰਧ ਨਹੀਂ ਹੈ। ਇਸ ਲਈ ਜੇਹੜੀਆਂ ਜ਼ਰੂਰੀ ਤੇ ਬੁਨਿਆਦੀ ਗਲਾਂ ਸਨ ਉਹ ਹੀ 'ਰਹਾਉ' ਵਿਚ ਦਿਤੀਆਂ ਗਈਆ ਹਨ।

—:o:—

'ਸਿਧ ਗੋਸ਼ਟਿ ਦੇ ਸਾਰ'

ਟ੍ਰੈਕਟ ਲਈ ਸਹਾਇਕ

1 ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
2 ਗੁਰਮਤਿ ਪ੍ਰਚਾਰ ਸਭਾ 7 ਗੋਬਿੰਦ ਨਗਰ ਡੇਹਰਾਦੂਨ
3 ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
4 ਸ੍ਰ: ਆਤਮਾ ਸਿੰਘ ਗੁਰਚਰਨ ਸਿੰਘ ਤਹਿਸੀਲ ਰੋਡ ਜਗਰਾਉਂ
5 ਡਾ: ਪ੍ਰਹਿਲਾਦ ਸਿੰਘ ਆਟੋ ਸੈਂਟਰ ਮੇਨ ਰੋਡ ਰਾਂਚੀ (ਬਿਹਾਰ)
6 ਸ੍ਰ: ਗੁਰਚਰਨ ਸਿੰਘ ਕਰਨੂਲ ਆਂਧਰਾ ਪ੍ਰਦੇਸ਼
7 ਸ੍ਰ: ਇੰਦਰ ਸਿੰਘ ਸੁਰਿੰਦਰ ਮੋਟਰਸ ਧਨਬਾਦ (ਬਿਹਾਰ)
8 ਬ੍ਰਿਗੇਡੀਅਰ ਕੁਸ਼ਲਪਾਲ ਸਿੰਘ ਨਾਭਾ
9 ਬੇਦੀ ਸੁਹਿੰਦਰ ਸਿੰਘ 10/23 ਵੇਸਟ ਪਟੇਲ ਨਗਰ ਨਵੀਂ ਦਿਲੀ
10 ਸ੍ਰ: ਦਰਸ਼ਨ ਸਿੰਘ 710 ਸੁਦਰਸ਼ਨ ਪਾਰਕ, ਨਵੀਂ ਦਿਲੀ
11 ਸ੍ਰ: ਬਲਵੰਤ ਸਿੰਘ ਮੁਸ਼ਕਿਆਣਾ ਰੋਡ ਮੂਲਾਂ ਪੁਰ ਲੁਦਿਹਾਣਾ
12 ਸ੍ਰ: ਮਖਣ ਸਿੰਘ ਦਾਤਾਰ ਸਿੰਘ ਹੋਲਸੇਲ ਕਲਾਥ ਡੀਲਰ ਲੁਦਿਹਾਣਾ
13 ਸ੍ਰ: ਸਰਬਜੀਤ ਸਿੰਘ ਕੋਠੇ ਰਾਹਲਾਂ ਜਗਰਾਉਂ
14 ਬੀਬੀ ਰਣਜੀਤ ਕੌਰ ਸਪੁਤ੍ਰੀ ਸ੍ਰ: ਨਿਰੰਜਣ ਸਿੰਘ ਚੀਮਨਾਂ ਜਗਰਾਉਂ
15 ਬੀਬੀ ਗੁਰਨਾਮ ਕੌਰ ਪਤਨੀ ਸ੍ਰ: ਦਲੀਪ ਸਿੰਘ ਫਗਵਾੜਾ (ਹਾਲ ਇੰਗਲੈਂਡ)
16 ਸ੍ਰ: ਗੁਰਚਰਨ ਸਿੰਘ ਗੁਰੂ ਪਿੰਡ ਧਰੇੜ
17 ਸ੍ਰ: ਕਰਤਾਰ ਸਿੰਘ ਇੰਦਰਜੀਤ ਸਿੰਘ ਅਨਾਰਕਲੀ ਬਾਜ਼ਾਰ ਜਗਰਾਉਂ
18 ਸ੍ਰ: ਬਚਨ ਸਿੰਘ ਦਇਆ ਸਿੰਘ " " "
19 ਗਿ: ਬਿਸ਼ਨ ਸਿੰਘ ਸੁਵੱਦੀ ਕਲਾਂ (ਲੁਦਿਹਾਣਾ)
20 ਪੰਜਾਬ ਆਇਰਨ ਸਟੋਰਜ਼ ਲਾਜਪਤ ਰੋਡ ਜਗਰਾਉਂ

ਨੋਟ : ਟ੍ਰੈਕਟ ਨੰ: 138 'ਪਾਕਸਤਾਨ ਅੰਦਰ ਰਹੇ ਗੁਰਦੁਆਰੇ' ਹੋਵੇਗਾ ।

ਪ੍ਰਕਾਸ਼ਕ :
ਨਰੇਣ ਸਿੰਘ ਸਕੱਤਰ
ਗੁਰੂ ਨਾਨਕ ਮਿਸ਼ਨ ਪਟਿਆਲਾ ।

ਪਹਿਲੀ ਵਾਰ
ਜੁਲਾਈ 1977

ਛਾਪਕ :
ਜ਼ੋਰਾਵਰ ਪ੍ਰਿੰਟਰਜ਼
ਚੌਕੀ ਘਾਟ, ਪਟਿਆਲਾ ।